# FARM AND SPICE

Open 7 Days a Week
8.30 am to 9.00 pm

## SPECIAL OFFERS :26 Aug - 01 Sep

Daily Specials on

ਕਲਰਡ ਪੈਪਰ
Coloured Peper
99¢ /lb

ਟਮਾਟਰ
Tomato
99¢ /lb

ਨਿੰਬੂ
Lemon
69¢ each

ਤਰਬੂਜ਼
Watermelon Large
89¢ /lb

ਬੀਨਜ਼
Beans
$1.99 /lb

ਖਰਬੂਜਾ
Cantaloupe
$2.49 each

ਸੇਬ ਜੈਜ਼
Apple jazz
$1.29 /lb

ਬਦਾਮ
Almonds
Premium Quality
$4.99 /lb

ਮਖਾਣਾ
Crispeez
flavoured makhana assorted
70g
$4.79 each

ਹੀਰ ਵੇਸਣ
Shan Pickles
Mango/Chilli/Mixed Pickle
Lemon/Hyderabidi Mix
1kg
$3.99 each

ਹੈਲੋ ਜੀ ਰੱਸ
Hello ji
Saunf Elaichi & Milk Rusk
600g
$3.99 each

A+PLUS PRODUCTS FROM PUNJAB HAS ARRIVED

ਖਜ਼ੂਰ
Pitted Dates
850g
$5.99 each

ਸੌਰਭੀ ਐਸਾਰਟਿਡ ਆਟਾ
Saurbhi/ Flour
Makki Atta/Besan
4lb
$3.99 each

ਏ+ਪਲਸ ਆਟਾ
A+Plus
Chakki Atta
10kg
$12.99 each

ਬਾਸਮਤੀ ਚਾਵਲ
India at Home
Basmati Rice
8lb
$7.99 each

ਹੀਰ ਕਣਕ ਆਟਾ
Heer
Chakki Atta
20lb
$11.99 each

ਹੀਰ ਚਪਾਤੀ ਆਟਾ
Heer
Whole Grain Atta
20lb
$11.99 each

PUNJABI FLAVOURED KULFI ALSO AVAILABLE

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323


Curbside pick up available

*while supply last

## 'ਬੱਬਰ ਅਕਾਲੀ ਦੋਆਬਾ' ਅਖਬਾਰ ਦੀ 100ਵੀਂ ਵਰ੍ਹੇਗੰਢ 'ਤੇ ਵਿਸ਼ੇਸ਼

# ਸ਼ਹੀਦ ਕਰਮ ਸਿੰਘ ਬੱਬਰ ਦੌਲਤਪੁਰ ਜੀ ਦੀ ਬਰਸੀ

## 4 ਸਤੰਬਰ ਦਿਨ ਐਤਵਾਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਮਨਾਈ ਜਾਵੇਗੀ।



ਬੱਬਰ ਕਰਮ ਸਿੰਘ (ਦੌਲਤਪੁਰ, ਨਵਾਂ ਸ਼ਹਿਰ)
ਕੈਨੇਡਾ ਵਿੱਚ ਗਦਰ ਪਾਰਟੀ ਵਿਚ ਸ਼ਾਮਿਲ ਹੋਏ
"ਬੱਬਰ ਅਕਾਲੀ ਦੁਆਬਾ" ਦੇ ਸੰਪਾਦਕ ਰਹੇ।
ਬਬੇਲੀ ਵਿਖੇ ਪੁਲਿਸ ਮੁਕਾਬਲੇ ਵਿਚ 1-9-1923 ਨੂੰ ਸ਼ਹੀਦੀ ਪ੍ਰਾਪਤ ਕੀਤੀ



ਭਾਈ ਸਾਹਿਬ ਦੀ ਜ਼ਮੀਨ 'ਤੇ ਉਸਰਿਆ ਗੁਰਦੁਆਰਾ
ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਕੈਨੇਡਾ

'ਬੱਬਰ ਅਕਾਲੀ ਦੋਆਬਾ' ਅਖ਼ਬਾਰ ਦੀ ਸੌਵੀਂ ਵਰ੍ਹੇ-ਗੰਢ ਦੇ, ਅੱਜਕੱਲ੍ਹ ਮੁਬਾਰਕ ਦਿਨ ਹਨ। ਬੱਬਰ ਅਕਾਲੀ ਲਹਿਰ ਦੇ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ 'ਬੱਬਰ ਅਕਾਲੀ' ਦਾ ਨਾਂ ਇਤਿਹਾਸ ਦੇ ਪੰਨਿਆਂ' ਤੇ ਸੁਨਹਿਰੀ ਅੱਖ਼ਰਾਂ 'ਚ ਅੰਕਤ ਹੈ, ਜਿਨ੍ਹਾਂ ਕੈਨੇਡਾ ਤੋਂ ਪੰਜਾਬ ਜਾ ਕੇ ਬੱਬਰ ਅਕਾਲੀ ਦੋਆਬਾ ਅਖ਼ਬਾਰ ਕੱਢਿਆ ਅਤੇ ਲੋਕਾਂ ਵਿਚ ਇਨਕਲਾਬੀ ਚੇਤਨਾ ਦਾ ਛੱਟਾ ਦਿੱਤਾ। ਪੰਜਾਬ ਦੀ ਧਰਤੀ 'ਤੇ ਨਵਾਂਸ਼ਹਿਰ ਨੇੜੇ ਅਤੇ ਅੱਜਕੱਲ੍ਹ ਸ਼ਹੀਦ ਭਗਤ ਸਿੰਘ ਨਗਰ 'ਚ ਪੈਂਦੇ ਪਿੰਡ ਦੌਲਤਪੁਰ ਵਿੱਚ 20 ਮਾਰਚ 1880 ਨੂੰ ਭਾਈ ਨੱਥਾ ਸਿੰਘ ਥਾਂਦੀ ਦੇ ਘਰ ਬੀਬੀ ਦੁੱਲੀ ਦੀ ਕੁੱਖੋਂ ਜਨਮੇ ਕਰਮ ਸਿੰਘ ਦਾ ਪਹਿਲਾ ਨਾਂ ਨਰੈਣ ਸਿੰਘ ਸੀ। ਆਪ ਨੇ ਮੁੱਢਲੀ ਪੜ੍ਹਾਈ ਪਿੰਡ ਦੌਲਤਪੁਰ ਦੇ ਸਕੂਲੋਂ ਕੀਤੀ ਅਤੇ ਸੰਨ 1898 'ਚ ਬ੍ਰਿਟਿਸ਼ ਫੌਜ 'ਚ ਭਰਤੀ ਹੋ ਗਏ, ਪਰ ਫੌਜ 'ਚ ਗ਼ੁਲਾਮੀ ਅਤੇ ਜ਼ਲਾਲਤ ਭਰੇ ਵਤੀਰੇ ਤੋਂ ਦੁਖੀ ਹੋ ਕੇ ਆਪ ਨੇ ਨੌਕਰੀ ਛੱਡ ਦਿੱਤੀ ।ਇਸ ਦੌਰਾਨ ਕੈਨੇਡਾ ਦੇ ਮੋਢੀ ਸਿੱਖਾਂ 'ਚ ਗਿਣੇ ਜਾਂਦੇ ਭਾਈ ਵਰਿਆਮ ਸਿੰਘ ਨੇ ਭਾਈ ਨਰੈਣ ਸਿੰਘ ਥਾਂਦੀ (ਮਗਰੋਂ ਭਾਈ ਕਰਮ ਸਿੰਘ ਦੌਲਤਪੁਰ) ਤੇ ਉਨ੍ਹਾਂ ਦੇ ਭਰਾ ਭਾਈ ਹਰੀ ਸਿੰਘ ਥਾਂਦੀ ਨੂੰ ਸੰਨ 1907 ਵਿਚ ਕੈਨੇਡਾ ਸੱਦ ਲਿਆ। ਇੱਥੇ ਆ ਕੇ ਵੈਨਕੂਵਰ ਨੇੜਲੇ ਸ਼ਹਿਰ ਐਬਟਸਫੋਰਡ'ਚ ਆਪ ਨੇ ਸੰਘਰਸ਼ਮਈ ਜੀਵਨ ਸ਼ੁਰੂ ਕੀਤਾ।

ਇਹ ਉਹ ਸਮਾਂ ਸੀ, ਜਦੋਂ ਕੈਨੇਡਾ ਵੀ ਬ੍ਰਿਟਿਸ਼ ਸਾਮਰਾਜ ਦੀ ਬਸਤੀ ਸੀ ਅਤੇ ਇਥੇ ਨਸਲਵਾਦ ਦਾ ਬੋਲਬਾਲਾ ਸੀ। ਜਿਸ ਵੇਲੇ ਕੈਨੇਡਾ ਵਸਦੇ ਭਾਰਤੀਆਂ ਨੂੰ ਇਥੋਂ ਕੱਢ ਕੇ ਹੰਡੂਰਸ ਭੇਜਿਆ ਜਾ ਰਿਹਾ ਸੀ, ਉਸ ਵੇਲੇ ਪ੍ਰੋਫੈਸਰ ਸੰਤ ਤੇਜਾ ਜੀ ਦੀ ਅਗਵਾਈ ਵਿਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਆਗੂਆਂ ਨੇ ਕੈਨੇਡਾ ਸਰਕਾਰ ਦੇ ਅਜਿਹੇ ਨਸਲਵਾਦੀ ਫੈਸਲਾ ਦਾ ਜ਼ੋਰਦਾਰ ਵਿਰੋਧ ਕੀਤਾ। ਅਜਿਹਾ ਸਮੇਂ ਭਾਈ ਨਰੈਣ ਸਿੰਘ ਥਾਂਦੀ ਨੇ ਵੀ ਸਰਗਰਮ ਭੂਮਿਕਾ ਨਿਭਾਈ ਅਤੇ ਨਸਲਵਾਦੀ ਸਰਕਾਰੀ ਨੀਤੀਆਂ ਖਿਲਾਫ਼ ਆਵਾਜ਼ ਉਠਾਈ। ਆਪ ਨੇ ਸੰਤ ਤੇਜਾ ਸਿੰਘ ਦੁਆਰਾ ਸਥਾਪਿਤ 'ਗੁਰੂ ਨਾਨਕ ਮਾਈਨਿੰਗ ਐਡ ਟਰੱਸਟ ਕੰਪਨੀ' ਵਿਚ ਵੀ ਹਿੱਸਾ ਪਾਇਆ ਅਤੇ ਵੱਧ ਚੜ੍ਹ ਕੇ ਭਾਈਚਾਰੇ ਦੀ ਸੇਵਾ ਕੀਤੀ। ਕੈਨੇਡਾ 'ਚ ਆ ਵਸੇ ਸਾਬਕਾ ਫੌਜੀਆਂ ਨੇ 3 ਅਕਤੂਬਰ 1909 ਨੂੰ, ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ'ਚ ਅੰਗਰੇਜ਼ਾਂ ਵਲੋਂ ਮਿਲੇ ਤਮਗੇ, ਵਰਦੀਆਂ,ਇਨਸਿਗਨੀਏ ਅਤੇ ਸਰਟੀਫਿਕੇਟ ਅੱਗ 'ਚ ਸਾੜੇ। ਤਦ ਭਾਈ ਨਰੈਣ ਸਿੰਘ ਵਲੋਂ ਵੀ ਅੰਗਰੇਜ਼ ਫੌਜ ਦੇ ਸਾਬਕਾ ਸਿਪਾਹੀ ਹੋਣ ਦੇ ਨਾਤੇ ਬਸਤੀਵਾਦ ਅਤੇ ਨਸਲਵਾਦ ਖਿਲਾਫ ਅਪਣਾ ਰੋਸ ਪ੍ਰਗਟਾਇਆ ਗਿਆ। ਇਥੋਂ ਤੱਕ ਕਿ ਬਰਤਾਨੀਆਂ ਦੇ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨਾਂ ਸਬੰਧੀ ਸਤੰਬਰ 1912 ਨੂੰ, ਕੈਨੇਡਾ ਨੇ ਇਹਨਾਂ ਗ਼ਦਰੀ ਯੋਧਿਆਂ ਨੇ ਵਿਰੋਧ ਪ੍ਰਗਟਾਇਆ ਅਤੇ ਅੰਗਰੇਜ਼ੀ ਦੀ ਗ਼ੁਲਾਮੀ ਖਿਲਾਫ਼ ਝੰਡਾ ਚੁਕਿਆ।

ਉੱਤਰੀ ਅਮਰੀਕਾ ਦੀ ਧਰਤੀ 'ਤੇ ਸੰਨ 1913 'ਚ ਉੱਠੀ ਗ਼ਦਰ ਲਹਿਰ ਵਿਚ ਆਪ ਲਗਾਤਾਰ ਸਰਗਰਮ ਰਹੇ। ਆਪ ਜਿਥੇ ਗ਼ਦਰ ਪਾਰਟੀ ਦੇ ਸਿਰਕੱਢ ਮੈਂਬਰ ਸਨ, ਉੱਥੇ 'ਗ਼ਦਰ' ਅਖ਼ਬਾਰ ਲਈ ਹਰ ਤਰ੍ਹਾਂ ਸਹਿਯੋਗ ਜੁਟਾਉਣ 'ਚ ਵੀ ਮੋਹਰੀ ਰਹਿੰਦੇ। 'ਗਦਰ' ਅਖ਼ਬਾਰ ਦੀ ਇਸ ਚਿਣਗ ਦਾ ਹੀ ਨਤੀਜਾ ਸੀ ਕਿ ਆਪ ਨੇ ਪੰਜਾਬ ਜਾ ਕੇ 'ਬੱਬਰ ਆਕਾਲੀ ਦੁਆਬਾ' ਅਖ਼ਬਾਰ ਕੱਢਿਆ।ਕੈਨੇਡਾ ਦੀ ਧਰਤੀ ਤੋਂ 23 ਜੁਲਾਈ 1914 ਨੂੰ ਗੁਰੂ ਨਾਨਕ ਜਹਾਜ਼ ਕੌਮਾਗਾਟਾਮਾਰੂ ਨੂੰ ਮੁਸਾਫਿਰਾਂ ਸਮੇਤ ਵਾਪਿਸ ਭਾਰਤ ਮੋੜੇ ਜਾਣ ਦੀ ਨਸਲੀ ਘਟਨਾ ਮਗਰੋਂ, ਗ਼ਦਰੀ ਬਾਬਿਆ ਅੰਦਰ ਫਿਰੰਗੀਆਂ ਖਿਲਾਫ਼ ਰੋਹ ਹੋਰ ਸਿਖਰਾਂ ਨੂੰ ਛੂਹ ਗਿਆ ਸੀ। ਅਜਿਹੇ ਸਮੇਂ ਕੈਨੇਡਾ ਅਤੇ ਅਮਰੀਕਾ ਤੋਂ ਵੱਡੀ ਗਿਣਤੀ 'ਚ ਗ਼ਦਰੀ ਯੋਧੇ ਵਤਨ ਪਰਤ ਕੇ, ਅੰਗਰੇਜ਼ਾਂ ਨੂੰ ਦੇਸ਼ 'ਚੋਂ ਕੱਢਣ ਲਈ ਤਿਆਰ ਹੋਏ। ਐਬਟਸਫੋਰਡ ਤੋਂ ਭਾਈ ਨਰੈਣ ਸਿੰਘ ਥਾਂਦੀ ਨੇ ਵੀ ਫੈਸਲਾ ਕੀਤਾ ਕਿ ਉਨ੍ਹਾਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਦੇਸ਼ ਪਰਤਣਾ ਹੈ। ਸ਼ਹਿਰ 'ਚ ਸਾਊਥ ਫਰੇਜ਼ਰ ਵੇਅ 'ਤੇ ਆਪ ਦੀ, ਆਪ ਦੇ ਭਰਾ ਭਾਈ ਹਰੀ ਸਿੰਘ ਥਾਂਦੀ ਤੇ ਪੇਂਡੂ ਭਾਈ ਸੁੰਦਰ ਸਿੰਘ ਥਾਂਦੀ ਦੀ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਸੀ, ਜਿਸ ਦੀ ਉਸ ਸਮੇਂ ਬਹੁਤ ਕੀਮਤ ਸੀ। ਆਪ ਨੇ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ।

ਭਾਈ ਕਰਮ ਸਿੰਘ ਬੱਬਰ ਨੇ ਪੰਜਾਬ ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕਰਦਿਆਂ 1ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ, ਪੁਲਿਸ ਮੁਕਾਬਲਾ ਵਿਚ ਸ਼ਹੀਦੀ ਪ੍ਰਾਪਤ ਕੀਤੀ। ਆਪ ਦੀ ਇੱਛਾ ਅਨੁਸਾਰ ਆਪ ਦੀ ਜ਼ਮੀਨ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਸੰਨ 1982 ਵਿੱਚ ਉਸਾਰਿਆ ਗਿਆ। ਭਾਈ ਸਾਹਿਬ ਦੀ ਸ਼ਹਾਦਤ ਦਾ ਇਤਿਹਾਸ ਗੁਰਦੁਆਰਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਦੇ ਕੋਲ ਲਿਖਿਆ ਹੋਇਆ ਹੈ।

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਭੁਪਿੰਦਰ ਸਿੰਘ ਥਾਂਦੀ:604-782-3540
ਹਰਵਿੰਦਰ ਸਿੰਘ ਥਾਂਦੀ (ਜੋਰਾ)604-725-8826
ਜਸਵਿੰਦਰ ਸਿੰਘ ਥਾਂਦੀ:604-512-5412
ਭਾਗ ਸਿੰਘ ਥਾਂਦੀ:604-600-8027
ਹਰਵਿੰਦਰ ਸਿੰਘ ਥਾਂਦੀ:778-552-6938

# ਕੈਨੇਡਾ ਦੇ ਸੁਪਨੇ ਸਜਾਉਣ ਵਾਲੇ ਪੰਜਾਬੀ ਵਿਦਿਆਰਥੀ ਚਿੰਤਾ ’ਚ ਡੁੱਬੇ

ਜਲੰਧਰ : ਕੈਨੇਡਾ ਦੇ ਸੁਪਨੇ ਸਜਾਉਣ ਵਾਲੇ ਪੰਜਾਬੀ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿੱਚ ਪੈ ਗਿਆ ਏ, ਕਿਉਂਕਿ ਸਤੰਬਰ ਸੈਸ਼ਨ ਵਿੱਚ ਸਿਰਫ਼ 15 ਦਿਨ ਬਾਕੀ ਨੇ, ਪਰ ਉਨ੍ਹਾਂ ਨੂੰ ਸਟੱਡੀਜ਼ ਵੀਜ਼ਾ ਨਹੀਂ ਮਿਲ ਰਿਹਾ।ਅੰਬੈਸੀ ਵੱਲੋਂ ਸਟੱਡੀ ਵੀਜ਼ੇ ਦੀਆਂ ਪੁਰਾਣੀਆਂ ਅਰਜ਼ੀਆਂ ਵੀ ਸਮੇਂ ਸਿਰ ਕਲੀਅਰ ਨਹੀਂ ਕੀਤੀਆਂ ਗਈਆਂ ਤੇ ਹੁਣ ਨਵੀਆਂ ਅਰਜ਼ੀਆਂ ਵੀ ਲਟਕ ਰਹੀਆਂ ਨੇ। ਬੈਕਲਾਗ ਵਧਣ ਤੇ ਕਈ ਹੋਰ ਕਾਰਨਾਂ ਕਰਕੇ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਨੇ।ਇਨ੍ਹਾਂ ਵਿੱਚ ਉਹ ਵਿਦਿਆਰਥੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਆਇਲੈਟਸ ਵਿੱਚ ਚੰਗੇ ਬੈਂਡ ਲਏ ਸੀ। ਇਸ ਕਾਰਨ ਪੰਜਾਬੀ ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਚਿੰਤਾ ਵਿੱਚ ਡੁੱਬ ਗਏ ਨੇ।ਕੈਨੇਡਾ ’ਚ ਸਤੰਬਰ ਦੇ ਪਹਿਲੇ ਹਫ਼ਤੇ ਤੋਂ ਸਾਰੇ ਕਾਲਜਾਂ ਤੇ ਯੂਨੀਵਰਸਿਟੀਜ਼ ਵਿੱਚ ਕਲਾਸਾਂ ਸ਼ੁਰੂ ਹੋ ਰਹੀਆਂ ਨੇ। ਸਿਰਫ਼ 15 ਦਿਨ ਦਾ ਸਮਾਂ ਬਚਿਆ ਹੈ, ਪਰ ਕੈਨੇਡੀਅਨ ਅੰਬੈਸੀ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਜਾਰੀ ਨਹੀਂ ਕੀਤਾ ਜਾ ਰਿਹਾ। ਕਈ ਵਿਦਿਆਰਥੀ ਅਗਸਤ ਮਹੀਨੇ ਦੇ ਆਖਰੀ ਦਿਨਾਂ ਦੀ ਏਅਰ ਟਿਕਟ ਤੱਕ ਬੁੱਕ ਕਰਵਾ ਕੇ ਤੇ ਲੱਖਾਂ ਰੁਪਏ ਕਾਲਜਾਂ ਨੂੰ ਫੀਸ ਕੇ ਬੈਠੇ ਹਨ, ਪਰ ਸਟੱਡੀ ਵੀਜ਼ਾ ਦੀਆਂ ਫਾਈਲਾਂ ਲਟਕ ਰਹੀਆਂ ਨੇ।ਸੋ ਇਸ ਤਰ੍ਹਾਂ ਬਹੁਤ ਸਾਰੇ ਪੰਜਾਬੀ ਵਿਦਿਆਰਥੀ ਨੇ ਜਿਨ੍ਹਾਂ ਨੇ ਕੈਨੇਡਾ ਦੇ ਸਟੱਡੀ ਵੀਜ਼ੇ ਲਈ ਅਪਲਾਈ ਕੀਤਾ ਸੀ, ਪਰ ਹੁਣ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਕੈਨੇਡਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਪੰਜਾਬੀ ਵਿਦਿਆਰਥੀਆਂ ਦੀ ਸਾਰ ਲਏ ਅਤੇ ਅੰਬੈਸੀ ਵਿੱਚ ਧੂੜ ਫੱਕ ਰਹੀਆਂ ਇਨ੍ਹਾਂ ਦੀਆਂ ਵੀਜ਼ਾ ਅਰਜ਼ੀਆਂ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਜਾਵੇ।

## ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਕਰਨ ਵਾਲੇ ਪ੍ਰੀਤਮ ਸਿੰਘ ਕੁਮੇਦਾਨ ਨਹੀਂ ਰਹੇ



ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰੀਤਮ ਸਿੰਘ ਕੁਮੇਦਾਨ ਦੇ ਅਕਾਲ ਚਲਾਣਾ ਕਰ ਜਾਣ ’ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪ੍ਰੀਤਮ ਸਿੰਘ ਕੁਮੇਦਾਨ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਲਈ ਵੱਡਾ ਯੋਗਦਾਨ ਪਾਇਆ ਅਤੇ ਉਹ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਲਈ ਹਮੇਸ਼ਾ ਅਵਾਜ਼ ਚੁੱਕਦੇ ਰਹੇ।ਉਨ੍ਹਾਂ ਕਿਹਾ ਕਿ ਕੁਮੇਦਾਨ ਪੰਜਾਬ ਦੇ ਮਸਲਿਆਂ ਨੂੰ ਸਮਰਪਿਤ ਸ਼ਖ਼ਸੀਅਤ ਸਨ, ਜਿਨ੍ਹਾਂ ਵੱਲੋਂ ਪਾਣੀਆਂ ਦੀ ਰਾਖੀ ਲਈ ਨਿਭਾਈ ਭੂਮਿਕਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ. ਕੁਮੇਦਾਨ ਦਾ ਅਕਾਲ ਚਲਾਣਾ ਉਨ੍ਹਾਂ ਦੇ ਪਰਿਵਾਰ ਦੇ ਨਾਲ-ਨਾਲ ਪੰਜਾਬ ਤੇ ਪੰਜਾਬੀਆਂ ਲਈ ਵੱਡਾ ਘਾਟਾ ਹੈ ਜੋ ਪੂਰਾ ਨਹੀਂ ਹੋ ਸਕਦਾ। ਐਡਵੋਕੇਟ ਧਾਮੀ ਨੇ ਪ੍ਰੀਤਮ ਸਿੰਘ ਕੁਮੇਦਾਨ ਦੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਸ਼ਾਂਤੀ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਬਿਲਕੀਸ ਬਾਨੋ ਕੇਸ:ਦੋਸ਼ੀਆਂ ਦੀ ਰਿਹਾਈ ਮਗਰੋਂ ਡਰ ਕਾਰਨ ਰੰਧਿਕਪੁਰ ਪਿੰਡ ਛੱਡਣ ਲੱਗੇ ਮੁਸਲਮਾਨ

ਦਾਹੋਦ:ਗੁਜਰਾਤ ਦੇ ਦਾਹੋਦ ਜ਼ਿਲ੍ਹੇ ਦੇ ਰੰਧਿਕਪੁਰ ਪਿੰਡ ਦੇ ਇੱਕ ਵਸਨੀਕ ਨੇ ਦਾਅਵਾ ਕੀਤਾ ਕਿ 2002 ਦੇ ਦੰਗਿਆਂ ਦੌਰਾਨ ਬਿਲਕੀਸ ਬਾਨੋ ਨਾਲ ਜਬਰ-ਜਨਾਹ ਅਤੇ ਉਨ੍ਹਾਂ ਦੇ ਪਰਿਵਾਰ ਦੇ ਸੱਤ ਮੈਂਬਰਾਂ ਦੀ ਹੱਤਿਆ ਮਾਮਲੇ ਵਿੱਚ 11 ਦੋਸ਼ੀਆਂ ਦੀ ਰਿਹਾਈ ਮਗਰੋਂ ਸੁਰੱਖਿਆ ਕਾਰਨਾਂ ਕਾਰਨ ਕਈ ਮੁਸਲਮਾਨ ਪਿੰਡ ਛੱਡ ਕੇ ਚਲੇ ਗਏ ਹਨ।ਇਹ ਘਟਨਾ ਇਸੇ ਪਿੰਡ ਵਿੱਚ ਹੋਈ ਸੀ।ਪੁਲੀਸ ਨੇ ਰੰਧਿਕਪੁਰ ਵਿੱਚ ਸੁਰੱਖਿਆ ਵਧਾ ਦਿੱਤੀ ਹੈ ਕਿਉਂਕਿ ਜੇਲ੍ਹ ਵਿੱਚੋਂ ਰਿਹਾਅ ਹੋਏ ਲੋਕ ਗੁਆਂਢੀ ਪਿੰਡ ਤੋਂ ਹਨ।ਉਨ੍ਹਾਂ ਨੇ ਲੋਕਾਂ ਦੇ ਪਿੰਡ ਛੱਡ ਕੇ ਜਾਣ ਤੋਂ ਇਨਕਾਰ ਕੀਤਾ ਹੈ।ਹਾਲਾਂਕਿ, ਪੁਲੀਸ ਨੇ ਮੰਨਿਆ ਕਿ ਕੁੱਝ ਲੋਕ ਪਿੰਡ ਛੱਡ ਕੇ ਗਏ ਹਨ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



Charlesworth insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

"For Fast, Friendly and Reliable Service!"




Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸ਼੍ਰੋਮਣੀ ਅਕਾਲੀ ਦਲ ਕਿੱਧਰ ਨੂੰ?

**ਵੇਖੋ! ਜਿਨ੍ਹਾਂ ਬੰਦੀ ਸਿੰਘਾਂ ਨੂੰ ਸੱਤਾ ਵਿਚ ਹੁੰਦੇ ਅਤਿਵਾਦੀ ਕਹਿੰਦੇ ਸਨ ਅੱਜ ਬੇਸ਼ਰਮੀ ਨਾਲ ਉਨ੍ਹਾਂ ਦੀ ਰਿਹਾਈ ਦਾ ਰਾਗ ਅਲਾਪ ਰਹੇ ਹਨ, ਜਿਨ੍ਹਾਂ ਕਿਸਾਨਾਂ ਵਿਰੋਧੀ ਕਾਨੂੰਨਾਂ ਦੀ ਹਮਾਇਤੀ ਕਰਦੇ ਸਨ, ਹੁਣ ਉਨ੍ਹਾਂ ਦੀ ਪਿੱਠ ਤੇ ਖੜ੍ਹਨ ਦਾ ਖੇਖਨ ਕਰ ਰਹੇ ਹਨ।**

–'ਦਰਬਾਰਾ ਸਿੰਘ ਕਾਹਲੋਂ'

ਸ਼ਾਨਾਮੱਤਾ ਅਜ਼ੀਮ ਕੁਰਬਾਨੀਆਂ ਦਾ ਇਤਿਹਾਸ ਰਖਣ ਵਾਲਾ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦਾ ਰਾਜਨੀਤਕ ਪ੍ਰਤੀਨਿਧ ਦਲ ਸੀ, ਰਾਜਨੀਤਕ ਪ੍ਰਤੀਨਿੱਧ ਦਲ ਹੈ ਅਤੇ ਰਾਜਨੀਤਕ ਪ੍ਰਤੀਨਿੱਧ ਦਲ ਰਹੇਗਾ। ਇਵੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਵਾਧਾਨਿਕ ਤੌਰ 'ਤੇ ਸਿੱਖ ਪੰਥ ਦੀ ਧਾਰਮਿਕ ਪ੍ਰਤੀਨਿੱਧ ਸੰਸਥਾ ਸੀ, ਧਾਰਮਿਕ ਪ੍ਰਤੀਨਿੱਧ ਸੰਸਥਾ ਹੈ ਅਤੇ ਧਾਰਮਿਕ ਪ੍ਰਤੀਨਿੱਧ ਸੰਸਥਾ ਰਹੇਗੀ। ਤਾਮਿਲਾਂ ਦੇ ਤਾਮਿਲਨਾਡੂ ਪ੍ਰਦੇਸ਼ ਅੰਦਰ ਰਾਜਨੀਤਕ ਪ੍ਰਤੀਨਿੱਧ ਦਲ ਡੀ.ਐਮ.ਕੇ ਅਤੇ ਅੰਨਾ ਡੀ.ਐਮ.ਕੇ ਦੀ ਇਹੋ ਪੁਜੀਸ਼ਨ ਹੈ। ਇਵੇਂ ਹੀ ਮਰਾਠਿਆਂ ਦੀ ਮਹਾਂਰਾਸ਼ਟਰ ਅੰਦਰ ਰਾਜਨੀਤਕ ਪ੍ਰਤੀਨਿੱਧ ਪਾਰਟੀ ਸ਼ਿਵ ਸੈਨਾ ਦੀ ਵੀ ਇਹੀ ਪੁਜੀਸ਼ਨ ਹੈ। ਸਿੱਖ ਰਾਜਨੀਤੀ ਵਿੱਚ ਧਰਮ ਅਤੇ ਰਾਜਨੀਤੀ ਕੋਈ ਵੱਖਰੇ ਨਹੀਂ।ਸਿੱਖ ਧਰਮ,ਧਾਰਮਿਕ ਸੰਸਥਾਵਾਂ, ਮਰਿਯਾਦਾਵਾਂ ਦੀ ਸਰਵਉੱਚਤਾ ਅਟੱਲ ਹੈ। ਸਿੱਖ ਰਾਜਨੀਤੀ ਵਿਚ ਗੁਰੂ, ਸੰਗਤ, ਪੰਥਕ ਵਿਚਾਰਧਾਰਾ ਸੁਪਰੀਮ ਹਨ, ਕੋਈ ਵਿਸ਼ੇਸ਼ ਧਾਰਮਿਕ ਅਤੇ ਰਾਜਨੀਤਕ ਆਗੂ ਕੋਈ ਮਹੱਤਤਾ ਨਹੀਂ ਰਖਦੇ। ਗੁਰੂ, ਬਾਣੀ, ਸਿੱਖ ਸੰਸਥਾਵਾਂ, ਸਿੱਖ ਪੰਥਕ ਵਿਚਾਰਧਾਰਾ ਪਵਿੱਤਰ ਹਨ। ਇਹ ਵੱਖਰੀ ਗੱਲ ਹੈ ਕਿ ਸਿੱਖ ਰਾਜਨੀਤੀਵਾਨ ਪਰਿਵਰਤਿਤ ਸੋਚ, ਨਿੱਜੀ ਅਤੇ ਪਰਿਵਾਰਵਾਦੀ ਹਿੱਤਾਂ ਜਾਂ ਸਵੈ ਪੂਰਕ ਰਾਜਨੀਤਕ ਉੱਚ ਇੱਛਾਵਾਂ ਕਰਕੇ ਇਨ੍ਹਾਂ ਨੂੰ ਅਪਵਿੱਤਰ ਜਾਂ ਇਨ੍ਹਾਂ ਦਾ ਅਨਾਦਰ ਕਰਦੇ ਆਏ ਹਨ ਅਤੇ ਕਰਦੇ ਰਹਿਣਗੇ ਵੀ।

ਮੋਗਾ ਕਾਨਫਰੰਸ ਸੰਨ1996 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੀ ਅਨੰਦਪੁਰ ਮਤੇ ਵਾਲਾ ਰਾਜਨੀਤਕ ਏਜੰਡਾ ਅਤੇ 'ਹਲੇਮੀ ਰਾਜ' ਦਾ ਸੰਕਲਪ ਤਿਆਗ ਕੇ ਇਸ ਨੂੰ ਪੰਥਕ ਰਾਜਨੀਤਕ ਪਾਰਟੀ ਦੀ ਥਾਂ ਪੰਜਾਬੀ ਪਾਰਟੀ ਵਜੋਂ ਸਵੀਕਾਰ ਲਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਦੀ ਜੇਬ ਵਿਚੋਂ ਨਿਕਲੀ ਪਰਚੀ ਅਨੁਸਾਰ ਨਿਕਲਣ ਕਰਕੇ ਇਹ ਸੰਸਥਾ ਏਨੀ ਨੀਰਸ, ਕਮਜ਼ੋਰ, ਭ੍ਰਿਸ਼ਟਾਚਾਰੀ, ਸਿੱਖ ਮਰਿਯਾਦਾਵਾਂ ਦਾ ਘਾਣ ਕਰਨ ਵਾਲੀ ਹੋ ਗਈ ਕਿ ਪਹਿਲਾਂ ਦਿੱਲੀ ਗੁਰਦਵਾਰਾ ਮੈਨੇਜਮੈਂਟ ਕਮੇਟੀ ਅਤੇ ਫਿਰ ਹਰਿਆਣਾ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਤੋਂ ਅਜ਼ਾਦ ਤੇ ਵੱਖਰੀਆਂ ਹੋ ਗਈਆਂ।

ਸੌਦਾ ਸਾਧ ਸਿਰਸਾ ਨੂੰ ਪੰਥ ਵਿਚੋਂ ਛੇਕਣਾ, ਸ਼੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਦੂਸਰੇ ਤਖਤਾਂ ਦੇ ਜੱਥੇਦਾਰਾਂ ਸਮੇਤ ਮੁੱਖ ਮੰਤਰੀ ਦੇ ਨਿਵਾਸ, ਚੰਡੀਗੜ੍ਹ ਤਲਬ ਕਰਕੇ ਉਸ ਨੂੰ ਮੁਆਫੀ ਦੇਣੀ, 90 ਲੱਖ ਦੇ ਇਸ਼ਤਿਹਾਰ ਸ਼੍ਰੋਮਣੀ ਕਮੇਟੀ ਵਲੋਂ ਦੇਣੇ, ਸੰਗਤ ਦੇ ਦਬਾਅ ਹੇਠ ਮੁਆਫੀਨਾਮੇ ਦੀ ਵਾਪਸੀ, ਸੰਨ 2015 ਵਿਚ ਅਕਾਲੀ-ਭਾਜਪਾ ਰਾਜ ਵਿਚ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ, ਸ਼ਾਂਤੀਪੂਰਵਕ ਵਿਰੋਧ ਕਰ ਰਹੀ ਸਿੱਖ ਸੰਗਤ ਤੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਬਾਰੀ, ਦੋ ਸਿੱਖਾਂ ਦਾ ਸ਼ਹੀਦ ਅਤੇ ਅਨੇਕਾਂ ਨੂੰ ਜ਼ਖਮੀ ਕਰਨਾ, ਫਿਰ ਇਨਸਾਫ ਨਾ ਦੇਣਾ, ਸਰਕਾਰ ਵਿਚ ਭਾਈ-ਭਤੀਜਾਵਾਦ, ਪਰਿਵਾਰਵਾਦ, ਭ੍ਰਿਸ਼ਟਾਚਾਰ, ਨਸ਼ਾ ਤਸਕਰੀ, ਪੁਲਿਸ ਸਟੇਟ ਕਾਇਮ ਕਰਨ, ਰਾਜਧਾਨੀ ਚੰਡੀਗੜ੍ਹ, ਪਾਣੀਆਂ, ਬੰਦੀ ਸਿੱਖਾਂ ਦੀ ਰਿਹਾਈ ਆਦਿ ਮੁੱਦੇ ਵਿਸਾਰਨ ਕਰਕੇ ਪੰਥ ਅਤੇ ਪੰਜਾਬੀ ਇਸ ਪਾਰਟੀ ਨਾਲੋਂ ਟੁੱਟ ਗਏ।

ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ 'ਸਕੂਟਰ ਪਾਰਟੀ' ਬਣਾਉਣ ਵਾਲੇ ਪ੍ਰਧਾਨ ਸੁਖਬੀਰ ਬਾਦਲ ਵਲੋਂ ਪਾਰਟੀ ਦਾ ਸਮੁੱਚਾ ਢਾਂਚਾ ਸਮੇਤ ਵਰਕਿੰਗ ਕਮੇਟੀ ਜੋ ਇਸ ਦੇ ਸੰਵਿਧਾਨ ਅਨੁਸਾਰ ਤੋੜੀ ਨਹੀਂ ਜਾ ਸਕਦੀ, ਪਾਰਟੀ ਦਾ ਇਕ ਅਣਅਧਿਕਾਰਤ ਗੈਰ ਜ਼ਿੰਮੇਵਾਰ ਆਗੂ ਵਿਰਸਾ ਸਿੰਘ ਵਲਟੋਹਾ ਚਾਪਲੂਸੀ ਦੀਆਂ ਹੱਦਾਂ ਐਮਰਜੈਂਸੀ 1975-77 ਕਾਲ ਦੀ ਬੋਲੀ ਤਤਕਾਲੀ ਕਾਂਗਰਸ ਪ੍ਰਧਾਨ ਡੀ.ਕੇ. ਬਰੂਆ ਵਾਂਗ ਤੋੜਦਾ ਕਾਂਗਰਸ ਪਾਰਟੀ ਵਾਂਗ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤਕ ਬਰਬਾਦੀ ਦੀ ਦਾਸਤਾਨ ਦੀ ਅਬਾਰਤ ਦਾ ਆਗਾਜ਼ ਕਰਦਾ ਹੈ।

ਉਦੋਂ ਡੀ.ਕੇ. ਬਰੂਆ ਦਾ ਕਹਿਣਾ ਸੀ, 'ਇੰਦਰਾ ਇੰਡੀਆ ਹੈ ਤੇ ਇੰਡੀਆ ਇੰਦਰਾ ਹੈ।' ਉਵੇਂ ਹੀ ਵਿਰਸਾ ਸਿੰਘ ਵਲਟੋਹਾ ਇਕ ਪ੍ਰੈੱਸ ਕਾਨਫਰੰਸ ਵਿਚ ਕਹਿੰਦਾ ਹੈ, 'ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੀ, ਪ੍ਰਧਾਨ ਹੈ ਅਤੇ ਪ੍ਰਧਾਨ ਰਹੇਗਾ।' ਇਸ ਤੇ ਅਤਿ ਦੀ ਚਾਪਲੂਸੀ ਅਤੇ ਪਿੱਠੂਪੁਣੇ ਤੋਂ ਗੱਦ-ਗੱਦ ਸੁਖਬੀਰ ਬਾਦਲ ਕੋਈ ਪ੍ਰਤੀਕਰਮ ਨਹੀਂ ਦਿੰਦਾ ਜਿਵੇਂ ਸ਼੍ਰੀਮਤੀ ਇੰਦਰਾ ਗਾਂਧੀ ਨੇ ਵੀ ਨਹੀਂ ਸੀ ਦਿਤਾ। ਫਿਰ ਇਸੇ ਪਿੱਠੂਪੁਣੇ ਅਤੇ ਚਾਪਲੂਸਬਾਜ਼ੀ ਦੀ ਅਬਾਰਤ ਲੰਬਾ ਤਜ਼ਰਬਾ ਰਖਣ ਵਾਲੇ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ ਆਦਿ ਪਰਿਵਾਰਵਾਦੀ ਆਗੂ, ਅੱਗੇ ਵਧਾਉਂਦੇ ਹਨ ਭਾਵ 'ਜਲ ਹਰਨਾਖਸ਼, ਥਲ ਹਰਨਾਖਸ਼, ਹੈ ਭੀ ਹਰਨਾਖਸ਼, ਹੋਸੀ ਭੀ ਹਰਨਾਖਸ਼।'




ਅੰਧ-ਭਗਤ ਅਤੇ ਚਾਪਲੂਸਬਾਜ਼ੀ ਨਾਲ ਅੰਨ੍ਹੇ ਹੋਏ ਇਹ ਆਗੂ ਭਵਿੱਖੀ ਅਕਾਲੀ ਅਤੇ ਪੰਥਕ ਰਾਜਨੀਤੀ ਦੀ ਕੰਧ ਤੇ ਲਿਖਿਆ ਨਹੀਂ ਪੜ੍ਹ ਰਹੇ ਕਿ ਉਹ ਵੀ ਤਾਕਤਵਰ ਸਲਤਨਤਾਂ ਵਾਂਗ ਸੁਖਬੀਰ ਬਾਦਲ ਦੀ ਪ੍ਰਧਾਨਗੀ ਦੇ ਪਤਨ ਵਾਂਗ ਆਪਣਾ ਰਾਜਨੀਤਕ ਭਵਿੱਖ ਦਫਨ ਕਰ ਰਹੇ ਹਨ। ਸ਼ਾਇਦ ਇਨ੍ਹਾਂ ਅੱਖਾਂ ਤੋਂ ਅੰਨ੍ਹੇ, ਕੰਨਾਂ ਤੋਂ ਬੋਲੇ ਆਗੂਆਂ ਨੂੰ ਇਹ ਦਿੱਸ ਅਤੇ ਸੁਣ ਨਹੀਂ ਰਿਹਾ ਕਿ ਪੰਥ, ਪੰਜਾਬ ਅਤੇ ਪੰਜਾਬੀ ਉਨ੍ਹਾਂ ਨੂੰ ਨਕਾਰ ਚੁੱਕੇ ਹਨ। ਵੇਖੋ! ਜਿਨ੍ਹਾਂ ਬੰਦੀ ਸਿੰਘਾਂ ਨੂੰ ਸੱਤਾ ਵਿਚ ਹੁੰਦੇ ਅਤਿਵਾਦੀ ਕਹਿੰਦੇ ਸਨ ਅੱਜ ਬੇਸ਼ਰਮੀ ਨਾਲ ਉਨ੍ਹਾਂ ਦੀ ਰਿਹਾਈ ਦਾ ਰਾਗ ਅਲਾਪ ਰਹੇ ਹਨ, ਜਿਨ੍ਹਾਂ ਕਿਸਾਨਾਂ ਵਿਰੋਧੀ ਕਾਨੂੰਨਾਂ ਦੀ ਹਮਾਇਤੀ ਕਰਦੇ ਸਨ, ਹੁਣ ਉਨ੍ਹਾਂ ਦੀ ਪਿੱਠ ਤੇ ਖੜ੍ਹਨ ਦਾ ਖੇਖਨ ਕਰ ਰਹੇ ਹਨ।

ਜਿਸ ਭਾਜਪਾ ਨਾਲ ਸੰਨ 1967 ਤੋਂ ਨਹੁੰ-ਮਾਸ ਦਾ ਰਿਸ਼ਤਾ ਗੰਢਿਆ, ਜਿਨ੍ਹਾਂ ਦੀ ਇਕ ਸੈਨਤ ਤੇ ਰਾਸ਼ਟਰਪਤੀ-ਉਪ ਰਾਸ਼ਟਰਪਤੀ ਚੋਣਾਂ ਵੇਲੇ ਵੋਟ ਪਾਉਣ ਦਿੱਲੀ ਨੰਗੇ ਪੈਰੀਂ ਦੌੜੇ, ਅੱਜ ਉਸ ਤੇ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰਨ ਅਤੇ ਰਾਜ ਵਿਚ ਕਮਜ਼ੋਰ ਕਰਨ ਦਾ ਦੋਸ਼ ਮੜ੍ਹ ਰਹੇ ਹਨ। ਜਿਸ ਬਿਕਰਮ ਮਜੀਠੀਏ ਕਰਕੇ ਪ੍ਰੌਢ ਅਕਾਲੀ ਆਗੂ ਨਰਾਜ਼ ਹੋਏ, ਪਾਰਟੀ ਬਦਨਾਮ ਹੋਈ, ਚੋਣਾਂ ਵਿਚ 'ਸਕੂਟਰ ਪਾਰਟੀ' ☞

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration
New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

☞ ਬਣੀ ਉਸ ਨੂੰ ਜਮਾਨਤ ਤੇ ਰਿਹਾਅ ਹੋ ਕੇ ਜੇਲ੍ਹ ਤੋਂ ਬਾਹਰ ਆਉਣ ਤੇ ਇੰਜ ਸਵਾਗਤ ਕੀਤਾ ਚਾਪਲੂਸ ਅੰਧ ਭਗਤਾਂ ਜਿਵੇਂ ਕਿ ਹਰੀ ਸਿੰਘ ਨਲੂਏ ਵਾਂਗ ਪਿਸ਼ਾਵਰ ਦਾ ਕਿਲ੍ਹਾ ਜਿੱਤ ਕੇ ਆਇਆ ਹੋਵੇ।ਕੈਨੇਡਾ ਅੰਦਰ ਕੰਜ਼ਰਵੇਟਿਵ ਪਾਰਟੀ ਦੋ ਵਾਰ ਹਾਰੀ। ਪਹਿਲੀ ਹਾਰ ਬਾਅਦ ਤੱਤਕਾਲੀ ਪ੍ਰਧਾਨ ਐਂਡਰਿਊ ਸ਼ੀਰ ਅਤੇ ਦੂਜੀ ਵਾਰ ਪ੍ਰਧਾਨ ਐਰਿਨ ਓਟੂਲ ਨੇ ਤੁਰੰਤ ਅਸਤੀਫਾ ਦੇ ਦਿਤਾ। ਇਥੋਂ ਤਕ ਕਿ ਰਾਹੁਲ ਗਾਂਧੀ ਨੇ ਚੋਣਾਂ ਵਿਚ ਹਾਰ ਦੀ ਜ਼ਿੰਮੇਵਾਰੀ ਲੈਂਦੇ ਅਸਤੀਫਾ ਦੇ ਦਿਤਾ ਸੀ। ਸੁਖਬੀਰ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ, ਪੰਥ ਅਤੇ ਪੰਜਾਬ ਦੇ ਹਿੱਤ ਵਿਚ ਇਵੇਂ ਕਰਨਾ ਚਾਹੀਦਾ ਸੀ। ਸ਼੍ਰੋਮਣੀ ਅਕਾਲੀ ਦਲ ਆਪਣੀ ਨਕਾਰੀ ਲੀਡਰਸ਼ਿਪ ਤੋਂ ਮੁਕਤ ਕਰ ਦੇਣਾ ਚਾਹੀਦਾ ਹੈ। ਸਿੱਖ ਕੌਮ ਵਿਸ਼ਵ ਦੀ ਇਕ ਬਹੁਤ ਹੀ ਬਹਾਦਰ, ਖੂਬਸੂਰਤ ਅਤੇ ਆਦਰਯੋਗ ਕੌਮ ਹੈ।

ਉਨ੍ਹਾਂ ਦੀ ਜ਼ਿੱਦ ਅਤੇ ਚਾਪਲੂਸਾਂ ਦੇ ਟੋਲੇ ਕਰਕੇ ਸਿੱਖ ਸੰਸਥਾਵਾਂ ਕਮਜ਼ੋਰ ਹੋ ਰਹੀਆਂ ਹਨ। ਬਲਾਤਕਾਰੀ, ਭ੍ਰਿਸ਼ਟਾਚਾਰੀ, ਅੱਯਾਸ਼ (ਜਿਵੇਂ ਇਕ ਸਾਬਕਾ ਮੰਤਰੀ, ਸ਼੍ਰੋਮਣੀ ਕਮੇਟੀ ਮੈਂਬਰ, ਅਜੋਕਾ ਇਕ ਤਖਤ ਦਾ ਜਥੇਦਾਰ) ਇਨ੍ਹਾਂ ਤੇ ਕਾਬਜ਼ ਹੋ ਰਹੇ ਹਨ। ਪੰਥਕ ਏਜੰਡੇ ਨੂੰ ਪਿੱਠ ਦੇ ਰਹੇ ਹਨ। ਉਨ੍ਹਾਂ ਨੂੰ ਨਵੀਂ-ਨਰੋਈ ਲੀਡਰਸ਼ਿਪ ਦਾ ਰਸਤਾ ਸਾਫ ਕਰਨਾ ਚਾਹੀਦਾ ਹੈ। ਕਿਤੇ ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਵਾਂਗ ਪੰਥ ਉਨ੍ਹਾਂ ਨੂੰ ਵੀ ਸਣੇ ਕੁਰਸੀ ਪ੍ਰਧਾਨਗੀ ਤੋਂ ਬਾਹਰ ਨਾ ਵਗਾਹ ਮਾਰੇ? ਅੱਜ ਪੰਜਾਬ ਨੂੰ ਮੁੜ ਇਕ ਸ਼ਾਨਾਮਤਾ ਕੁਰਬਾਨੀ ਭਰਿਆ ਸ਼੍ਰੋਮਣੀ ਅਕਾਲੀ ਦਲ ਦਰਕਾਰ ਹੈ।

# ਬਹੁਤ ਹੀ ਬੁਰੀ ਮਿਸਾਲ



ਬਿਲਕਿਸ ਬਾਨੋ ਨਾਲ ਸਮੂਹਕ ਬਲਾਤਕਾਰ ਤੇ ਉਸ ਦੇ ਪਰਵਾਰ ਦੇ ਸੱਤ ਜੀਆਂ ਦੀ ਹੱਤਿਆ ਦੇ ਮਾਮਲੇ ਵਿਚ 11 ਦੋਸ਼ੀਆਂ ਨੂੰ ਗੁਜਰਾਤ ਸਰਕਾਰ ਦੀ ਖਿਮਾ ਨੀਤੀ ਤਹਿਤ ਰਿਹਾਅ ਕੀਤੇ ਜਾਣ ਨੂੰ ਉਨ੍ਹਾਂ ਨੂੰ ਸਜ਼ਾ ਸੁਣਾਉਣ ਵਾਲੇ ਬੰਬੇ ਹਾਈ ਕੋਰਟ ਦੇ ਰਿਟਾਇਰਡ ਜੱਜ ਜਸਟਿਸ ਯੂ ਡੀ ਸਾਲਵੀ ਨੇ ਕਿਹਾ ਕਿ ਇਸ ਨਾਲ ਬਹੁਤ ਹੀ ਬੁਰੀ ਮਿਸਾਲ ਕਾਇਮ ਕੀਤੀ ਗਈ ਹੈ। ਹੁਣ ਸਮੂਹਕ ਬਲਾਤਕਾਰ ਦੇ ਹੋਰ ਮਾਮਲਿਆਂ ਦੇ ਦੋਸ਼ੀ ਵੀ ਅਜਿਹੀ ਰਾਹਤ ਦੇਣ ਦੀ ਮੰਗ ਕਰਨਗੇ। ਯਕੀਨਨ ਇਹ ਇਕ ਵਿਡੰਬਨਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਨੇ ਮਹਿਲਾ ਸਸ਼ਕਤੀਕਰਨ ਦੀ ਗੱਲ ਕੀਤੀ ਹੈ ਅਤੇ ਜਿਸ ਰਾਜ ਤੋਂ ਉਹ ਆਉਂਦੇ ਹਨ, ਉਸ ਨੇ ਉਨ੍ਹਾਂ ਲੋਕਾਂ ਨੂੰ ਰਿਹਾਅ ਕਰ ਦਿੱਤਾ, ਜਿਨ੍ਹਾਂ ਇਕ ਬੇਵੱਸ ਮਹਿਲਾ ਨਾਲ ਸਮੂਹਕ ਬਲਾਤਕਾਰ ਕੀਤਾ ਸੀ।

ਜਸਟਿਸ ਸਾਲਵੀ ਨੇ ਹੇਠਲੀ ਅਦਾਲਤ ਦੇ ਜੱਜ ਵਜੋਂ 2008 ਵਿਚ 11 ਲੋਕਾਂ ਨੂੰ ਦੋਸ਼ੀ ਠਹਿਰਾ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਸੀ, ਜਦਕਿ 7 ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ। ਹਾਲਾਂਕਿ 2017 ਵਿਚ ਬੰਬੇ ਹਾਈ ਕੋਰਟ ਦੀ ਜਸਟਿਸ ਵਿਜਯਾ ਤਾਹਿਲਰਮਾਨੀ ਤੇ ਮ੍ਰਿਦੁਲਾ ਭਟਕਰ ਦੀ ਬੈਂਚ ਨੇ 11 ਦੀ ਸਜ਼ਾ ਬਰਕਰਾਰ ਰੱਖਦਿਆਂ, ਜਸਟਿਸ ਸਾਲਵੀ ਵੱਲੋਂ ਬਰੀ ਕੀਤੇ 7 ਲੋਕਾਂ ਨੂੰ ਵੀ ਦੋਸ਼ੀ ਠਹਿਰਾਇਆ ਸੀ। ਦੋਸ਼ੀਆਂ ਨੂੰ ਗੁਜਰਾਤ ਸਰਕਾਰ ਨੇ ਆਪਣੀ 1992 ਦੀ ਖਿਮਾ ਨੀਤੀ ਤਹਿਤ ਰਿਹਾਅ ਕੀਤਾ ਹੈ। ਹਾਲਾਂਕਿ 2014 ਦੀ ਨੀਤੀ ਤਹਿਤ ਇਹ ਰਿਹਾਅ ਨਹੀਂ ਹੋਣੇ ਸੀ। ਇਸ ਦੇ ਇਲਾਵਾ ਰਾਜ ਸਰਕਾਰ ਨੇ ਕੇਂਦਰ ਦੀਆਂ ਨਵੀਆਂ ਸੇਧ-ਲੀਹਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਹੈ। ਕੇਂਦਰੀ ਗ੍ਰਿਹ ਮੰਤਰਾਲੇ ਨੇ ਇਸ ਸਾਲ ਜੂਨ ਵਿਚ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਹਿੱਸੇ ਵਜੋਂ ਸੇਧ-ਲੀਹਾਂ ਜਾਰੀ ਕੀਤੀਆਂ ਸਨ ਕਿ 15 ਅਗਸਤ 2022, 26 ਜਨਵਰੀ 2023 ਤੇ 15 ਅਗਸਤ 2023 ਨੂੰ ਕੈਦੀਆਂ ਨੂੰ ਵਿਸ਼ੇਸ਼ ਮੁਆਫੀ ਦਿੱਤੀ ਜਾਵੇਗੀ। ਹਾਲਾਂਕਿ ਸੇਧ-ਲੀਹਾਂ ਵਿਚ ਸਪੱਸ਼ਟ ਕੀਤਾ ਗਿਆ ਸੀ ਕਿ ਰਾਜ ਸਰਕਾਰਾਂ ਬਲਾਤਕਾਰ ਤੇ ਹੱਤਿਆ ਦੇ ਦੋਸ਼ੀਆਂ ਨੂੰ ਰਿਹਾਅ ਨਹੀਂ ਕਰ ਸਕਦੀਆਂ। ਜਸਟਿਸ ਸਾਲਵੀ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਨਹੀਂ ਕਿ ਕੀ ਰਾਜ ਸਰਕਾਰ ਨੇ ਤਾਜ਼ੀਰਾਤੇ ਹਿੰਦ ਦੀ ਦਫਾ 376 (2) ਜੀ ਤੇ ਇਸ ਦੀ ਪਰਿਭਾਸ਼ਾ ਵਿਚ ਸੋਧ ਕੀਤੀ ਹੈ? ਕੀ ਰਾਜ ਸਰਕਾਰ ਨੇ ਸਮੂਹਕ ਬਲਾਤਕਾਰ ਦੇ ਇਸ ਅਪਰਾਧ ਦੀ ਗੰਭੀਰਤਾ ਦੀ ਪਰਿਭਾਸ਼ਾ ਬਦਲ ਦਿੱਤੀ ਹੈ? ਜੇ ਪਰਿਭਾਸ਼ਾ ਵਿਚ ਸੋਧ ਕੀਤੀ ਹੈ ਤਾਂ ਹੀ 1992 ਦੀ ਨੀਤੀ ਲਾਗੂ ਹੋਵੇਗੀ। ਜੇ ਸਮੂਹਕ ਬਲਾਤਕਾਰ ਦੀ ਪਰਿਭਾਸ਼ਾ ਤੇ ਗੰਭੀਰਤਾ ਬਿਨਾਂ ਸੋਧ ਦੇ ਪਹਿਲਾਂ ਵਾਲੀ ਬਣੀ ਹੋਈ ਹੈ ਤਾਂ 2014 ਦੀ ਨੀਤੀ ਲਾਗੂ ਹੋਵੇਗੀ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਮੁਆਫੀ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਸਜ਼ਾ ਇਹ ਯਕੀਨੀ ਬਣਾਉਣ ਲਈ ਦਿੱਤੀ ਜਾਂਦੀ ਹੈ ਕਿ ਮੁਲਜ਼ਮ ਨੂੰ ਪਤਾ ਲੱਗੇ ਕਿ ਉਸ ਨੇ ਕੁਝ ਗਲਤ ਕੀਤਾ ਹੈ। ਮੁਲਜ਼ਮ ਨੂੰ ਪਛਤਾਵਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ। ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਲੋਕਾਂ ਨੇ ਵਰਤਮਾਨ ਮਾਮਲੇ ਵਿਚ ਅਜਿਹਾ ਪਛਤਾਵਾ ਜਾਂ ਪਸ਼ਚਾਤਾਪ ਕੀਤਾ ਹੈ। ਕੀ ਉਨ੍ਹਾਂ ਇਹ ਕਿਹਾ ਹੈ ਕਿ ਉਨ੍ਹਾਂ ਨੂੰ ਅਫਸੋਸ ਹੈ ਅਤੇ ਉਨ੍ਹਾਂ ਨੂੰ ਆਪਣੇ ਅਪਰਾਧ ਦਾ ਅਹਿਸਾਸ ਹੋ ਗਿਆ ਹੈ। ਦੋਸ਼ੀਆਂ ਨੂੰ ਰਿਹਾਅ ਹੋਣ ਦੇ ਬਾਅਦ ਜੇਲ੍ਹ ਦੇ ਬਾਹਰ ਮਿਠਾਈਆਂ ਖੁਆਈਆਂ ਗਈਆਂ ਤੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਇਹ ਬਹੁਤ ਹੀ ਬੁਰਾ ਹੈ। ਪਤਾ ਨਹੀਂ ਕਿ ਲੋਕ ਉਨ੍ਹਾਂ ਦਾ ਇਸ ਤਰ੍ਹਾਂ ਸਵਾਗਤ ਕਿਉਂ ਕਰ ਰਹੇ ਹਨ। ਦੋਸ਼ੀਆਂ ਨੂੰ ਸਨਮਾਨਤ ਕਰਨ ਵਾਲਿਆਂ ਦਾ ਸਿਆਸੀ ਉਦੇਸ਼ ਤੇ ਏਜੰਡਾ ਹੈ। ਅਜਿਹਾ ਬਿਲਕੁਲ ਨਹੀਂ ਹੋਣਾ ਚਾਹੀਦਾ।

## (ਮੁੱਖ ਪੰਨੇ ਦੀ ਬਾਕੀ)

ਦਾ ਲਾਈਸੈਂਸ ਲੈਣ ਦੇ ਯੋਗ ਨਹੀਂ ਪਰ ਟਰਾਂਸਪੋਰਟ ਕੈਨੇਡਾ ਨੇ ਉਸਨੂੰ ਜਹਾਜ ਉਡਾਉਣ ਦਾ ਲਾਈਸੈਂਸ ਜਾਰੀ ਕਰ ਦਿੱਤਾ ਹੈ। ਜਿਸ ਨਾਲ ਜਪਗੋਬਿੰਦ ਸਿੰਘ ਦਾ ਸੁਪਨਾ ਹੀ ਪੂਰਾ ਨਹੀਂ ਹੋਇਆ ਸਗੋਂ ਨੌਜਵਾਨ ਵਰਗ ਨੂੰ ਸੇਧ ਵੀ ਮਿਲੀ ਹੈ ਅਤੇ ਕਰੜੀ ਮਿਹਨਤ ਕਰਨ ‘ਤੇ ਆਪਣੀ ਯੋਗਤਾ ਨੂੰ ਸਹੀ ਪਾਸੇ ਲਗਾ ਕੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਦਾ ਗੁਰ ਵੀ ਮਿਲਆ ਹੈ। ਜਪਗੋਬਿੰਦ ਸਿੰਘ ਨੇ ਕਈ ਸਾਲਾਂ ਦੀ ਕਰੜੀ ਮਿਹਨਤ ਤੋਂ ਬਾਅਦ ਇਹ ਕਾਮਯਾਬੀ ਹਾਸਲ ਕੀਤੀ ਹੈ। ਜਪਗੋਬਿੰਦ ਨੇ ਪਾਇਲਟ ਬਨਣ ਦੀ ਤਿਆਰੀ ਬੀ.ਸੀ. ਤੋਂ ਸ਼ੁਰੂ ਕੀਤੀ। ਐਲਬਰਟਾ ਅਤੇ ਔਂਟੈਰੀਓ ਵਿੱਚ ਸਿਖਲਾਈ ਉਪਰੰਤ ਆਖਰੀ ਟਰੇਨਿੰਗ ਕਿਊਬਿਕ ਵਿੱਚ ਪੂਰੀ ਕੀਤੀ ਹੈ।

ਜਪਗੋਬਿੰਦ ਸ਼ੁਰੂ ਤੋਂ ਹੀ ਆਨਰ ਰੋਲ ਵਿਦਿਆਰਥੀ ਰਿਹਾ ਹੈ। ਮੈਥੇਮੈਟਿਕਸ, ਸੰਗੀਤ, ਇਤਿਹਾਸ ਅਤੇ ਸਾਇੰਸ ਮੁਕਾਬਲਿਆਂ ਦੇ ਨਾਲ-ਨਾਲ ਜਪਗੋਬਿੰਦ ਨੇ ਰੋਬੋਟਿਕਸ ਮੁਕਾਬਲਿਆਂ ਵਿੱਚ ਵੀ ਪਹਿਲੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਹਨ। ਹਾਲ ਹੀ ਵਿੱਚ ਇੰਟਰਨੈਸ਼ਨਲ ਅਵਾਰਡ ਡਿਊਕ ਆੱਫ ਐਡਿਨਬਰਗ ਕਾਂਸੀ ਅਤੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਹੈ। ਖਾਲਸਾ ਸਕੂਲ ਸਰੀ ਅਤੇ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਸਰੀ ਬੀ.ਸੀ. ਤੋਂ ਆਪਣੀ ਮੁੱਢਲੀ ਸਿਖਿਆ ਲੈਣ ਉਪਰੰਤ ਜਪਗੋਬਿੰਦ ਸਿੰਘ ਨੇ ਸੇਂਟ ਮਾਈਕਲ ਹਾਈ ਸਕੂਲ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਹੁਣ ਜਪਗੋਬਿੰਦ ਨੂੰ ਔਟਵਾ ਦੀਆਂ ਯੂਨੀਵਰਸਿਟੀਆਂ ਨੇ ਐਰੋ ਸਪੇਸ ਇੰਜੀਨੀਅਰਿੰਗ ਵਿੱਚ ਸਕਾਲਰਸ਼ਿਪ ਦੀ ਪੇਸ਼ਕਸ਼ ਕੀਤੀ ਹੈ। 16 ਸਾਲ ਦੀ ਉਮਰ ਵਿੱਚ ਯੂਨੀਵਿਰਸਿਟੀ ਵਿੱਚ ਪੜਾਈ ਵੀ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ।ਗਤਕਾ, ਕੀਰਤਨ ਅਤੇ ਤਬਲੇ ਦੇ ਨਾਲ-ਨਾਲ ਜਪਗੋਬਿੰਦ ਦੀ ਖੇਡਾਂ ਵਿੱਚ ਵਿਸੇਸ਼ ਰੂਚੀ ਹੈ। ਆਪਣੇ ਸਕੂਲ ਦੀ ਸੋਕਰ ਟੀਮ ਤੋਂ ਇਲਾਵਾ ਜਪਗੋਬਿੰਦ ਈਸਟ ਔਂਟੈਰੀਓ ਡਿਸਟਰਿਕਟ ਸੋਕਰ ਲੀਗ ਵਿੱਚ ਵੀ ਖੇਡਦਾ ਹੈ।

ਪਿਛਲੇ ਦਿਨੀ ਸਾਡੇ ਕਈ ਨੌਜਵਾਨਾਂ ਨੇ ਇੰਗਲੈਂਡ ‘ਚ ਹੋਈਆਂ ਕੌਮਨਵੈਲਥ ਖੇਡਾਂ ਵਿੱਚ ਤਮਗੇ ਜਿੱਤਕੇ ਕੈਨੇਡਾ ਅਤੇ ਸਿੱਖਾਂ ਦਾ ਮਾਣ ਸਾਰੀ ਦੁਨੀਆਂ ‘ਚ ਵਧਾਇਆ ਸੀ ਉਸ ਦੇ ਨਾਲ ਹੀ ਅਮ੍ਰਿੰਤਧਾਰੀ ਗੁਰਸਿੱਖ ਜਪਗੋਬਿੰਦ ਸਿੰਘ ਨੇ ਸਭ ਤੋਂ ਛੋਟੀ ਉਮਰ ਦਾ ਸਿੱਖ ਸੋਲੋ ਪਾਇਲਟ ਬਣਕੇ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਉਚਾ ਕਰ ਦਿੱਤਾ ਹੈ।ਵਰਨਣਯੋਗ ਹੈ ਕਿ ਜਪਗੋਬਿੰਦ ਸਿੰਘ ਦੇ ਪਿਤਾ ਗੁਰਲਾਲ ਸਿੰਘ ਸਰੀ ਤੋਂ ਪੰਜਾਬੀ ਟ੍ਰਿਬਿਊਨ ਅਖਬਾਰ ਦੇ ਮਾਲਕ ਰਹੇ ਹਨ ਅਤੇ ਮਾਤਾ ਜੀ ਰਜਿੰਦਰ ਕੌਰ ਸਰੀ ਦੇ ਵੱਖ ਵੱਖ ਸਕੂਲਾਂ ਵਿੱਚ ਗੁਰਮਤਿ ਦੀ ਸਿੱਖਿਆ ਦਿੰਦੇ ਰਹੇ ਹਨ। ਪਰ ਹੁਣ ਉਹ ਆਟਵਾ ਵਿੱਚ ਪ੍ਰੀਵਾਰ ਸਮੇਤ ਮੂਵ ਹੋ ਗਏ ਹਨ।ਅਦਾਰਾ ‘ਪੰਜਾਬ ਗਾਰਡੀਅਨ’ ਜਪਗੋਬਿੰਦ ਸਿੰਘ ਦੀ ਕਾਮਯਾਬੀ ਤੇ ਸਮੂੰਹ ਪ੍ਰੀਵਾਰ ਨੂੰ ਵਧਾਈ ਦਿੰਦਾ ਅਤੇ ਅਰਦਾਸ ਕਰਦਾ ਹੈ ਅਕਾਲ ਪੁਰਖੁ ਬੱਚੇ ਨੂੰ ਹੋਰ ਵੀ ਚੜ੍ਹਦੀਆਂ ਕਲਾਂ ਬਖਸ਼ੇ ਅਤੇ ਦੇਸ਼ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ੇ।





AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਸ਼ੋਕ ਸਮਾਚਾਰ




ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਕਾਕਾ ਸਿਮਰਨਜੋਤ ਸਿੰਘ ਟਿਵਾਣਾ ਸਪੁੱਤਰ ਸ. ਗੁਰਜੰਟ ਸਿੰਘ ਟਿਵਾਣਾ ਮਾਤਾ ਰਾਣੀ ਟਿਵਾਣਾ ਜਿਹਨਾਂ ਦਾ ਪਿਛਲਾ ਪਿੰਡ ਐਤੀਆਣਾ ਸੀ ਆਪਣੀ 26 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਮ ਸਸਕਾਰ 28 ਅਗਸਤ ਦਿਨ ਐਤਵਾਰ ਸਵੇਰ 9 ਵਜੇ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਪਾਠ ਦੇ ਭੋਗ ਤੇ ਅੰਤਮ ਅਰਦਾਸ ਗੁ. ਦਸ਼ਮੇਸ਼ ਦਰਬਾਰ ਸਰੀ ਵਿਖੇ 11.30 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ:ਜਸਮਨ ਟਿਵਾਣਾ:6048073370

# ਕੈਨੇਡਾ ’ਚ ਨਰਸਾਂ ਦੇ 35 ਹਜ਼ਾਰ ਤੋਂ ਜ਼ਿਆਦਾ ਅਹੁਦੇ ਖਾਲੀ

ਵੈਨਕੂਵਰ- ਕੈਨੇਡਾ ਵਿਚ ਕਰੀਬ 35 ਹਜ਼ਾਰ ਤੋਂ ਵੱਧ ਨਰਸਾਂ ਦੇ ਅਹੁਦੇ ਖਾਲੀ ਹੋ ਚੁੱਕੇ ਹਨ। ਇਹ ਪੰਜਾਬ ਦੇ ਨਰਸਿੰਗ ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਲਈ ਵੱਡਾ ਮੌਕਾ ਸਾਬਤ ਹੋ ਸਕਦਾ ਹੈ। ਕੈਨੇਡਾ ਵਿਚ ਜਿੱਥੇ ਇਹ ਅੰਕੜਾ ਲਗਾਤਾਰ ਵੱਧਦਾ ਜਾ ਰਿਹਾ ਹੈ ਉੱਥੇ ਕੈਨੇਡਾ ਵਿਚ ਹਰ ਚਾਰ ਵਿਚੋਂ ਇਕ ਨਰਸ ਅਗਲੇ ਤਿੰਨ ਸਾਲ ਵਿਚ ਨੌਕਰੀ ਛੱਡਣ ਦਾ ਮਨ ਬਣਾ ਚੁੱਕੀ ਹੈ। ਕੈਨੇਡੀਅਨ ਯੂਨੀਅਨ ਆਫ ਨਰਸਿਜ਼ ਮੁਤਾਬਕ ਇਕ ਅੰਦਰੂਨੀ ਸਰਵੇ ਵਿਚ ਕਰੀਬ 28 ਫੀਸਦੀ ਨਰਸਾਂ ਨੇ ਕੰਮ ਦੇ ਤਣਾਅ, ਮਰੀਜ਼ਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਦੁਰਵਿਵਹਾਰ ਕਾਰਨ ਅਤੇ ਕੰਮ ਕਰਨ ਦਾ ਸਹੀ ਮਾਹੌਲ ਨਾ ਹੋਣ ਕਾਰਨ ਨੌਕਰੀ ਛੱਡਣ ਦੀ ਇੱਛਾ ਜਤਾਈ ਹੈ। ਨਰਸਿੰਗ ਸਟਾਫ ਦੀ ਕਮੀ ਨਾਲ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਲਗਾਤਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉੱਥੇ ਅਮਰੀਕਾ ਵਿਚ ਬਿਹਤਰ ਕਮਾਈ ਦੀ ਇੱਛਾ ਵਿਚ ਪਲਾਇਨ ਵੀ ਇਸ ਕਮੀ ਦੀ ਵੱਡੀ ਵਜ੍ਹਾ ਬਣ ਕੇ ਸਾਹਮਣੇ ਆਇਆ ਹੈ। ਕੈਨੇਡਾ ਵਿਚ ਆਉਣ ਵਾਲੀਆਂ ਇਮੀਗ੍ਰੈਂਟਸ ਨਰਸਾਂ ਦਾ ਅਮਰੀਕਾ ਜਾਣਾ ਜਾਰੀ ਹੈ।


**AujLawZ** — **Tax & Accounting Services**

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Contact: Gurbachan Aujla

**604-504-1657, 604-835-3693**

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca

0323



**SUPER SANDHU**

**ਕਲਾਸ 4 ਡਰਾਈਵਰਾਂ ਦੀ ਲੋੜ**

ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



**ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ**

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



**THANDI AUTO CARE CENTRE LTD**

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


# 'ਸਾਮਰਾਜੀ ਸੰਕਟ ਅਤੇ ਫਾਸ਼ੀਵਾਦ ਵਿਰੁੱਧ ਸਾਂਝੇ ਮੋਰਚੇ ਦੀ ਲੋੜ' ਵਿਸ਼ੇ ਤੇ ਸਰੀ 'ਚ ਸਮਾਗਮ





ਸਰ੍ਹੀ-ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵੱਲੋਂ ਸਰੀ ਦੇ ਸਥਾਨਕ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਚੇਤਨਾ ਸਮਾਗਮ ਦਾ ਆਯੋਜਨ ਕੀਤਾ ਗਿਆ। ਪੰਜਾਬ ਤੋਂ ਕੈਨੇਡਾ ਫੇਰੀ ਤੇ ਪੰਹੁਚੇ ਇਨਕਲਾਬੀ ਕੇਂਦਰ ਪੰਜਾਬ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਇਸ ਸਮਾਗਮ ਵਿੱਚ ਮੁੱਖ ਵਕਤਾ ਦੇ ਤੌਰ ਤੇ ਸ਼ਾਮਲ ਹੋਏ। ਤਰਕਸ਼ੀਲ ਆਗੂ ਪਰਮਿੰਦਰ ਸਵੈਚ ਦੀ ਮੰਚ ਸੰਚਾਲਨਾਂ ਹੇਠ ਸਭ ਤੋਂ ਪਹਿਲਾਂ ਸੰਤਾਲੀ ਦੀ ਦੇਸ਼ ਵੰਡ 'ਚ ਫਿਰਕੂ ਕਤਲੋਗਾਰਦ ਦਾ ਸ਼ਿਕਾਰ ਹੋਏ ਬੇਕਸੂਰ ਦੱਸ ਲੱਖ ਲੋਕਾਂ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜ਼ਲੀ ਭੇਂਟ ਕੀਤੀ ਗਈ। ਇਸ ਸਮੇਂ ਅਪਣੇ ਸੰਬੋਧਨ 'ਚ ਕੰਵਲਜੀਤ ਖੰਨਾ ਨੇ ਬੋਲਦਿਆਂ ਸਾਮਰਾਜ ਦੇ ਤਿੱਖੇ ਹੋ ਰਹੇ ਆਰਥਿਕ ਨਿਘਾਰ ਤੇ ਚਰਚਾ ਕਰਦਿਆਂ ਕਿਹਾ ਕਿ ਸੰਸਾਰ ਭਰ 'ਚ ਵੱਡੇ ਕਾਰਪੋਰੇਟ ਹੁਣ ਅਪਣੇ ਸੰਕਟ ਚੋਂ ਨਿਕਲਣ ਲਈ ਫੌਜੀ ਆਰਥਿਕਤਾ ਅਪਣਾ ਰਹੇ ਹਨ। ਪਹਿਲਾਂ ਦਹਾਕਿਆਂ ਬਾਅਦ ਆਉਣ ਵਾਲੀ ਆਰਥਿਕ ਮਹਾਂਮੰਦੀ ਹੁਣ ਇਕ-ਦੋ ਸਾਲਾਂ ਵਿੱਚ ਵਿਸ਼ਵ ਆਰਥਿਕਤਾ ਨੂੰ ਆਪਣੀ ਪਕੜ ਵਿੱਚ ਲੈ ਰਹੀ ਹੈ। ਸੰਸਾਰ ਸਾਮਰਾਜ ਨੇ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ, ਸੰਸਾਰ ਵਪਾਰ ਸੰਸਥਾਂ ਰਾਹੀ ਦੁਨੀਆਂ ਦੇ ਪੱਛੜੀ ਆਰਥਿਕਤਾ ਵਾਲੇ ਮੁਲਕਾਂ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਤੀਜੀ ਦੁਨੀਆਂ ਦੇ ਗਰੀਬ ਤੇ ਵਿਕਾਸਸ਼ੀਲ ਮੁਲਕ ਇਸ ਜਕੜਪੰਜੇ 'ਚ ਪੂਰੀ ਤਰ੍ਹਾਂ ਛਟਪਟਾ ਰਹੇ ਹਨ। ਉਨਾਂ ਕਿਹਾ ਕਿ ਵਿਸ਼ਵੀਕਰਨ ਦੀਆਂ ਸਾਮਰਾਜੀ ਆਰਥਿਕ ਤੇ ਸਨਅਤੀ ਨੀਤੀਆਂ ਨੇ ਦੁਨੀਆਂ ਭਰ ਦੇ ਬਹੁਗਿਣਤੀ ਦੇਸ਼ਾਂ ਦੀਆਂ ਆਰਥਿਕਤਾਵਾਂ ਨੂੰ ਸ਼੍ਰੀ ਲੰਕਾ ਵਾਂਗ ਉਜਾੜੇ ਦੇ ਰਾਹ ਤੋਰ ਦਿੱਤਾ ਹੈ। ਉਹਨਾਂ ਦੇਸ਼ ਤੇ ਦੁਨੀਆਂ 'ਚ ਅਪਣੀ ਲੁੱਟ ਤੇ ਮੁਨਾਫੇ ਨੂੰ ਬਰਕਰਾਰ ਰੱਖਣ ਲਈ ਫਾਸ਼ੀਵਾਦ ਹਮਲੇ ਤੇ ਭਾਰਤ ਦੇਸ਼ 'ਚ ਘੱਟਗਿਣਤੀ ਮੁਸਲਮਾਨਾਂ ਖਿਲਾਫ ਝੁਲਾਈ ਜਾ ਰਹੀ ਫਿਰਕੂ ਹਨੇਰੀ ਨੂੰ ਇਕ ਵੱਡੀ ਚੁਣੌਤੀ ਕਰਾਰ ਦਿੱਤਾ। ਭਾਰਤ 'ਚ ਮੋਦੀ ਹਕੂਮਤ ਵਲੋਂ ਠੋਸੀ ਅਣਐਲਾਨੀ ਐਮਰਜੈਂਸੀ, ਜਮਹੂਰੀ ਹੱਕਾਂ ਤੇ ਵੱਡਾ ਹਮਲਾ, ਬੁੱਧੀਜੀਵੀਆਂ ਨੂੰ ਝੂਠੇ ਕੇਸਾਂ 'ਚ ਜੇਲਾਂ 'ਚ ਡੱਕਣ ਆਦਿ ਮਸਲਿਆਂ ਦੀ ਚਰਚਾ ਕਰਦਿਆਂ ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ 'ਚ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਦੀ ਸਲਾਘਾ ਕੀਤੀ। ਲੰਮੀ ਵਿਚਾਰ-ਚਰਚਾ ਉਪਰੰਤ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ। ਇਸ ਸਮੇਂ ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਨੇ ਹਾਜ਼ਰ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਸੱਤਰਵਿਆਂ ਦੇ ਦੌਰ ਵਿੱਚ ਇਨਕਲਾਬੀ ਵਿਦਿਆਰਥੀ ਲਹਿਰ ਵਿੱਚ ਸਰਗਰਮ ਲਖਵੀਰ ਲੱਖਾ, ਸੁਰਿੰਦਰ ਚਾਹਲ, ਨਿਰਮਲ ਕਿੰਗਰਾ, ਸੁਖਵੰਤ ਹੁੰਦਲ, ਜਗਰੂਪ ਲੋਪੋ, ਮਲਕੀਤ ਸੁਧਾਰ ਆਦਿ ਸ਼ਖਸ਼ੀਅਤਾਂ ਵੀ ਹਾਜ਼ਰ ਸਨ।ਜਾਰੀ ਕਰਤਾ:ਅਵਤਾਰ ਬਾਈ ਜੀ, ਪਰਮਿੰਦਰ ਸਵੈਚ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ- 604 728 7011 ਅਤੇ 604 760 4794

# ਅਮਰੀਕਾ 'ਚ ਮਹਾਤਮਾ ਗਾਂਧੀ ਦੇ ਬੁੱਤ ਨਾਲ ਫਿਰ ਹੋਈ ਬਦਸਲੂਕੀ



ਨਿਊਯਾਰਕ:ਅਮਰੀਕਾ ਵਿੱਚ ਸ਼ਰਾਰਤੀ ਅਨਸਰਾਂ ਨੇ ਮਹਾਤਮਾ ਗਾਂਧੀ ਦੇ ਬੁੱਤ ਦੀ ਇੱਕ ਵਾਰ ਫਿਰ ਤੋੜ-ਭੰਨ ਕੀਤੀ। ਨਿਊਯਾਰਕ ਦੇ ਇੱਕ ਹਿੰਦੂ ਮੰਦਰ ਨੇੜੇ ਸਥਾਪਤ ਕੀਤੇ ਗਏ ਇਸ ਬੁੱਤ 'ਤੇ ਦੋ ਹਫ਼ਤੇ ਵਿੱਚ ਇਹ ਦੂਜਾ ਹਮਲਾ ਹੈ।ਇਸ ਤੋਂ ਪਹਿਲਾਂ 3 ਅਗਸਤ ਨੂੰ ਵੀ ਇਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ।ਪੁਲਿਸ ਮੁਤਾਬਕ ਸਾਊਥ ਰਿਚਮੰਡ ਹਿਲ ਵਿੱਚ ਸਥਿਤ ਸ੍ਰੀ ਤੁਲਸੀ ਮੰਦਿਰ ਦੇ ਨੇੜੇ ਲਗਭਗ ਰਾਤ ਡੇਢ ਵਜੇ ਵਾਪਰੀ। ਇਸ ਦੌਰਾਨ 6 ਅਣਪਛਾਤੇ ਵਿਅਕਤੀ ਆਏ, ਜਿਨ੍ਹਾਂ ਨੇ ਮਹਾਂਤਮਾ ਗਾਂਧੀ ਦੇ ਆਦਮ ਕੱਦ ਬੁੱਤ ਨੂੰ ਤੋੜ ਦਿੱਤਾ।ਇਸ ਹਮਲੇ ਦੀ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਇੱਕ ਸ਼ਖਸ ਬੁੱਤ 'ਤੇ ਹਥੌੜਾ ਮਾਰਦਾ ਹੋਇਆ ਦਿਖਾਈ ਦੇ ਰਿਹਾ ਹੈ। ਸ਼ਰਾਰਤੀ ਅਨਸਰਾਂ ਨੇ ਬੁੱਤ 'ਤੇ ਹਮਲਾ ਕਰਨ ਤੋਂ ਇਲਾਵਾ ਮੰਦਰ ਦੇ ਬਾਹਰ ਸੜਕ 'ਤੇ ਮਹਾਤਮਾਂ ਗਾਂਧੀ ਬਾਰੇ ਇਤਰਾਜ਼ਯੋਗ ਸ਼ਬਦ ਵੀ ਲਿਖੇ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ।ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# ਪੰਥਕ ਮੁਹਾਜ਼ ਤੇ ਏਨੀ ਮਾਰੂ ਅਤੇ ਸਿੱਖ ਕੌਮ ਦਾ ਭਵਿੱਖ ਹਨ੍ਹੇਰੇ-ਭਰਿਆ ਬਣਾਉਣ ਲਈ ਵਾਲੀ ਚੁੱਪੀ ਕਿਉਂ?

ਹਿੰਦੁਸਤਾਨ ਵਿਚ ਕਈ ਪਾਰਟੀਆਂ ਹਨ। ਸੱਭ ਦਾ ਕੋਈ ਨਾ ਕੋਈ ਆਗੂ ਉਨ੍ਹਾਂ ਦਾ ਫ਼ਾਊਂਡਰ ਜਾਂ ਜਨਮਦਾਤਾ ਵੀ ਜ਼ਰੂਰ ਹੋਵੇਗਾ। ਕਾਂਗਰਸ ਦਾ ਫ਼ਾਊਂਡਰ ਇਕ ਅੰਗਰੇਜ਼ ਸੀ। ਬੀਜੇਪੀ, ਆਰ.ਐਸ.ਐਸ., ਹਿੰਦੂ ਮਹਾਂ ਸਭਾ, ਸੀ.ਪੀ.ਆਈ., ਸੋਸ਼ਲਿਸਟ ਪਾਰਟੀ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਤੋਂ ਲੈ ਕੇ ਸੈਂਕੜੇ ਪਾਰਟੀਆਂ ਹਨ ਤੇ ਹਰ ਪਾਰਟੀ ਦਾ ਜਨਮਦਾਤਾ ਕੋਈ ਇਕ ਜਾਂ ਦੂਜਾ ਵਿਅਕਤੀ ਜਾਂ ਲੀਡਰ ਹੀ ਮਿਲੇਗਾ ਪਰ ਅਕਾਲੀ ਦਲ ਦਾ ਫ਼ਾਊਂਡਰ ਕੋਈ ਵਿਅਕਤੀ ਨਹੀਂ। ਇਹ ਪਾਰਟੀ ਸਾਰੇ ਸਿੱਖਾਂ ਨੇ ਅਕਾਲ ਤਖ਼ਤ ਤੇ ਇਕੱਠੇ ਹੋ ਕੇ ਬਣਾਈ ਸੀ ਤਾਕਿ ਨਵੇਂ ਰਾਜਸੀ ਯੁਗ ਵਿਚ ਸਿੱਖ ਹਿਤਾਂ ਦਾ ਧਿਆਨ ਰੱਖਣ ਵਾਲੀ ਕੋਈ ਪਾਰਟੀ ਵੀ ਹੋਵੇ।




ਉਸ ਵੇਲੇ ਪੰਜਾਬ ਵਿਚ ਸਿੱਖਾਂ ਦੀ ਕੁਲ ਆਬਾਦੀ 13 ਫ਼ੀ ਸਦੀ ਸੀ ਤੇ ਹਿੰਦੂ-ਸਿੱਖ ਮਿਲ ਕੇ ਵੀ ਮੁਸਲਮਾਨਾਂ ਨਾਲੋਂ ਘੱਟ ਸਨ ਅਰਥਾਤ ਪੰਜਾਬ ਮੁਸਲਿਮ ਬਹੁਗਿਣਤੀ ਵਾਲਾ ਸੂਬਾ ਸੀ। ਅਜਿਹੇ ਵਿਚ ਇਹ ਤਾਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਅਕਾਲੀ, ਪੰਜਾਬ ਵਿਚ ਸਰਕਾਰ ਬਣਾ ਲੈਣਗੇ।ਇਕ ਅੱਧ ਵਜ਼ੀਰ ਪੰਜਾਬ ਵਿਚ ਸਿੱਖਾਂ ਵਿਚੋਂ ਵੀ ਲੈ ਲੈਂਦੇ ਸਨ ਤਾਂ ਸਿੱਖ ਖ਼ੁਸ਼ ਹੋ ਜਾਂਦੇ ਸਨ।

ਪਰ ਇਤਿਹਾਸ ਦੇ ਵਰਕੇ ਫੋਲ ਕੇ ਵੇਖ ਲਉ, ਉਸ ਵੇਲੇ ਜੋ ਦਬਦਬਾ ਸਿੱਖਾਂ ਦਾ ਬਣਿਆ ਹੋਇਆ ਸੀ, ਉਹ ਕਿਸੇ ਹੋਰ ਕੌਮ ਦਾ ਨਹੀਂ ਸੀ। ਅੰਗਰੇਜ਼ ਵੀ ਅਕਾਲੀ ਦਲ ਦੇ ਪ੍ਰਧਾਨ ਨੂੰ ਪੁਛ ਕੇ ਕੋਈ ਫ਼ੈਸਲਾ ਕਰਦਾ ਸੀ, ਹਿੰਦੂ ਲੀਡਰ ਵੀ ਅਕਾਲੀ ਦਲ ਦੇ ਪ੍ਰਧਾਨ ਨੂੰ ਅਪਣੇ ਤੋਂ ਬਹੁਤ ਵੱਡਾ ਸਮਝਦੇ ਸਨ ਤੇ ਬਹੁਗਿਣਤੀ ਕੌਮ (ਮੁਸਲਮਾਨਾਂ) ਦੇ ਨੇਤਾ ਵੀ ਮੰਨਦੇ ਸਨ ਕਿ ਪੰਜਾਬ ਵਿਚ ਉਹੀ ਗੱਲ ਚਲ ਸਕਦੀ ਹੈ ਜਿਸ ਦੀ ਪ੍ਰਵਾਨਗੀ 13 ਫ਼ੀ ਸਦੀ ਸਿੱਖਾਂ ਦੇ ਚਹੇਤੇ ਅਕਾਲੀ ਲੀਡਰਾਂ ਨੇ ਦੇਣੀ ਹੈ। ਕਾਂਗਰਸ ਨੇ ਤਾਂ ਅਕਾਲੀਆਂ ਨੂੰ ਅਕਾਲੀ ਰਹਿ ਕੇ ਵੀ, ਕਾਂਗਰਸ ਦੇ ਮੈਂਬਰ ਬਣਨ ਦੀ ਖੁਲ੍ਹ ਦੇ ਦਿਤੀ ਸੀ।

ਸੱਤਾ ਵਿਚ ਨਾ ਹੋਣ ਵਾਲੀ ਅਕਾਲੀ ਪਾਰਟੀ ਨੇ ਸਿੱਖਾਂ ਦੀ ਜੋ ਤਾਕਤ ਬਣਾਈ ਹੋਈ ਸੀ, ਉਹ ਅਕਾਲੀ ਸਰਕਾਰਾਂ ਬਣਨ ਮਗਰੋਂ ਬਿਲਕੁਲ ਹੀ ਖ਼ਤਮ ਹੋ ਗਈ। ਕਾਰਨ ਕੀ ਸੀ? ਇਹੀ ਸੀ ਕਿ ਪਹਿਲਾਂ ਦੇ ਅਕਾਲੀ ਲੀਡਰਾਂ ਦੇ ਲਹੂ ਦੇ ਕਣ ਕਣ ਵਿਚ 'ਪੰਥ' ਸ਼ਬਦ ਵਸਿਆ ਹੋਇਆ ਸੀ ਤੇ ਇਸ ਸ਼ਬਦ ਨੂੰ ਉਨ੍ਹਾਂ ਦੇ ਵੱਡੇ ਨੇਤਾਵਾਂ ਦੀ ਸੋਚ ਵਿਚੋਂ ਕੋਈ ਲਾਲਚ, ਕੋਈ ਡਰ, ਕੋਈ ਵਜ਼ੀਰੀ ਨਹੀਂ ਸੀ ਕੱਢ ਸਕਦੀ। ਪਰ 1966 ਤੋਂ ਬਾਅਦ, ਸੱਤਾ ਵਿਚ ਆਉਣ ਵਾਲੇ 'ਅਕਾਲੀ' ਲੀਡਰਾਂ ਨੇ ਤਾਂ ਇਹ ਪ੍ਰਭਾਵ ਦੇਣਾ ਸ਼ੁਰੂ ਕਰ ਦਿਤਾ ਕਿ 'ਪੰਥ' ਇਨ੍ਹਾਂ ਲਈ ਕੇਵਲ ਵਿਖਾਵੇ ਦੀ ਚੀਜ਼ ਹੈ ਤੇ ਇਹ ਸੱਤਾ, ਲੀਡਰੀ, ਵਜ਼ੀਰੀ ਤੇ ਪੈਸੇ ਲਈ 'ਪੰਥ' ਨੂੰ ਬੇਦਾਵਾ ਦੇਣ ਵਿਚ ਇਕ ਪਲ ਵੀ ਨਹੀਂ ਲਾਉਣਗੇ। ਇਹ ਸੱਚ ਸਾਹਮਣੇ ਆ ਵੀ ਗਿਆ ਤੇ ਹੌਲੀ ਹੌਲੀ ਸਿੱਖ, ਅਕਾਲੀ ਦਲ ਤੋਂ ਦੂਰ ਹੋਣੇ ਸ਼ੁਰੂ ਹੋ ਵੀ ਗਏ।ਲੰਮੀ ਗੱਲ ਨਾਂ ਕਰਾਂ ਤਾਂ ਅੱਜ ਸੱਤਾ, ਲੀਡਰੀ ਤੇ ਧਨ ਦੌਲਤ ਦੇ ਅੰਬਾਰ ਇਕੱਠੇ ਕਰਨ ਵਾਲੇ ਜਾਂ ਉਨ੍ਹਾਂ ਤੋਂ ਕੁੱਝ ਜੂਠੀਆਂ ਛਿਲੜਾਂ ਪ੍ਰਾਪਤ ਕਰਨ ਵਾਲੇ ਹੀ 'ਅਕਾਲੀ ਬੀਨ' ਵਜਦੀ ਸੁਣ ਕੇ ਉਸ ਉਤੇ ਮੋਹਿਤ ਹੋਣ ਵਾਲੇ ਰਹਿ ਗਏ ਹਨ ਨਹੀਂ ਤਾਂ ਸਿੱਖ ਤਾਂ ਛਾਲਾਂ ਮਾਰ ਮਾਰ ਕੇ ਉਨ੍ਹਾਂ ਪਾਰਟੀਆਂ ਵਲ ਵੀ ਜਾ ਰਹੇ ਹਨ ਜਿਨ੍ਹਾਂ ਨੂੰ ਉਹ ਸਦਾ ਤੋਂ 'ਸਿੱਖ-ਵਿਰੋਧੀ' ਕਹਿੰਦੇ ਆ ਰਹੇ ਸਨ।ਅਜਿਹੀ ਹਾਲਤ ਵਿਚ ਵੀ ਸਿੱਖਾਂ ਅੰਦਰ ਕੋਈ ਹਰਕਤ ਕਿਉਂ ਨਹੀਂ ਹੁੰਦੀ ਨਜ਼ਰ ਆ ਰਹੀ? ਸੱਤਾ ਨਹੀਂ ਮਿਲਦੀ ਨਾ ਮਿਲੇ, ਪਰ ਸਿੱਖ ਹਿਤਾਂ ਦੀ ਰਾਖੀ ਕਰਨ ਵਾਲੀ ਤੇ ਸਿੱਖਾਂ ਦੀ ਆਵਾਜ਼ ਗੂੰਜਦੀ ਰੱਖਣ ਸਕਣ ਵਾਲੀ ਇਕ ਪਾਰਟੀ ਤਾਂ ਹੋਣੀ ਹੀ ਚਾਹੀਦੀ ਹੈ (ਆਰ.ਐਸ.ਐਸ. ਵਰਗੀ)। ਉਸ ਬਾਰੇ ਕੋਈ ਚਿੰਤਾ ਕਿਉਂ ਨਹੀਂ ਕਰ ਰਿਹਾ? ਅੱਜ ਦੇ ਯੁਗ ਵਿਚ, ਨਿਵੇਕਲੀ ਸਿੱਖ ਹਿਤਾਂ ਦੀ ਰਾਖੀ ਕਰਨ ਵਾਲੀ ਕੋਈ ਪਾਰਟੀ ਹੀ ਨਾ ਹੋਵੇ, ਇਹ ਤਾਂ ਖ਼ੁਦਕੁਸ਼ੀ ਕਰਨ ਵਾਲੀ ਗੱਲ ਹੋਵੇਗੀ। ਬਾਦਲ ਅਕਾਲੀ ਦਲ ਦੇ ਕਰਤਾ ਧਰਤਾ ਕਹਿੰਦੇ ਹਨ ਕਿ ਨਾ ਉਹ ਅਪਣੇ ਦਲ ਨੂੰ ਪੰਥਕ ਪਾਰਟੀ ਬਣਨ ਦੇਣਗੇ, ਨਾ ਕੋਈ ਹੋਰ ਪੰਥਕ ਦਲ ਹੀ ਖੜਾ ਹੋਣ ਦੇਣਗੇ। ਇਹ ਚੈਲੰਜ ਐਲਾਨੀਆ ਦਿਤਾ ਗਿਆ ਹੈ। ਜਵਾਬ ਵਿਚ ਫਿਰ ਤੋਂ ਮੁਕੰਮਲ ਖ਼ਾਮੋਸ਼ੀ ਕਿਉਂ ਵਰਤੀ ਹੋਈ ਹੈ?

ਕਿਉਂ ਨਹੀਂ ਪੰਥਕ ਸੋਚ ਵਾਲੇ ਚਾਰ ਪੰਜ ਚੰਗੇ ਕਿਰਦਾਰ ਵਾਲੇ ਪੱਕੇ ਸਿੱਖ ਇਸ ਚੁਨੌਤੀ ਨੂੰ ਕਬੂਲ ਕਰ ਕੇ ਅਸਲੀ ਅਕਾਲੀ ਦਲ ਦਾ ਆਰੰਭ, 1920 ਵਾਂਗ, ਮੁੜ ਤੋਂ ਅਕਾਲ ਤਖ਼ਤ ਤੋਂ ਕਰ ਦੇਂਦੇ? ਮੁੜ ਤੋਂ ਅੰਮ੍ਰਿਤਸਰ ਵਿਚ 1920 ਵਾਲੇ, ਅਕਾਲ ਤਖ਼ਤ ਤੇ ਸਾਜੇ, ਅਸਲ ਅਕਾਲੀ ਦਲ ਨੂੰ ਸੁਰਜੀਤ ਕਰ ਦਿਤਾ ਜਾਏ ਤੇ ਐਲਾਨ ਕਰ ਦਿਤਾ ਜਾਏ ਕਿ ਦਲ ਦਾ ਨਿਸ਼ਾਨਾ ਸਰਕਾਰ ਬਣਾਉਣਾ ਨਹੀਂ ਹੋਵੇਗਾ ਸਗੋਂ ਹਰ ਉਸ ਧਿਰ ਜਾਂ ਪਾਰਟੀ ਦਾ ਸਹਿਯੋਗ ਲਿਆ ਜਾਏਗਾ ਜੋ ਪੰਥ ਦੀਆਂ ਮੰਗਾਂ ਤੇ ਉਮੰਗਾਂ ਨੂੰ ਹਾਂ-ਪੱਖੀ ਹੁੰਗਾਰਾ ਦੇਵੇਗੀ ਪਰ ਪਾਰਟੀ ਦੇ ਮੁੱਖ ਆਗੂ ਆਪ ਨਾ ਕੋਈ ਚੋਣ ਲੜਨਗੇ, ਨਾ ਐਮ. ਐਲ.ਏ., ਐਮ.ਪੀ ਜਾਂ ਵਜ਼ੀਰ ਹੀ ਬਣਨਗੇ ਤੇ ਪੰਥਕ ਸੰਵਿਧਾਨ, ਅਕਾਲੀ ਦਲ ਦੇ 1920 ਵਾਲੇ ਨਿਯਮਾਂ ਉਤੇ ਸਦੀਵੀ ਤੌਰ 'ਤੇ ਪਹਿਰਾ ਦੇਣਾ ਹੀ ਇਨ੍ਹਾਂ ਦਾ ਇਕੋ ਇਕ ਪ੍ਰੋਗਰਾਮ ਹੋਵੇਗਾ।ਫਿਰ ਇਹ ਪਾਰਟੀ ਹਰ ਸਿੱਖ ਨੂੰ ਅਪੀਲ ਕਰੇ ਕਿ 100-100 ਰੁਪਏ ਦੇ ਕੇ ਪੰਥਕ ਪਾਰਟੀ ਦੇ ਮੈਂਬਰ ਬਣਨ ਤੇ ਪਿੰਡ ਪਿੰਡ, ਸ਼ਹਿਰ ਸ਼ਹਿਰ ਵਿਚ ਇਸ ਦੇ ਜੱਥੇ ਬਣਾਏ ਜਾਣ ਜੋ ਪਾਰਟੀ ਦੇ ਸਿਧਾਂਤਾਂ ਤੋਂ ਬਾਹਰ ਦੀ ਕੋਈ ਗੱਲ ਨਹੀਂ ਕਰਨਗੇ। ਛੇ ਮਹੀਨੇ ਵਿਚ ਪਾਰਟੀ ਇਕ ਜ਼ੋਰਦਾਰ ਤਾਕਤ ਬਣ ਜਾਵੇਗੀ ਤੇ ਦੂਜੀਆਂ ਸਾਰੀਆਂ ਪਾਰਟੀਆਂ ਉਸ ਕੋਲੋਂ ਮਦਦ ਮੰਗਣ ਲਈ ਆਉਣੀਆਂ ਸ਼ੁਰੂ ਹੋ ਜਾਣਗੀਆਂ। ਨਕਲੀ ਅਕਾਲੀ ਪਾਰਟੀਆਂ (ਸੱਤਾ ਤੇ ਦੌਲਤ ਦੀਆਂ ਭੁੱਖੀਆਂ) ਆਪੇ ਖ਼ਤਮ ਹੋ ਜਾਣਗੀਆਂ (ਬਾਦਲ ਦਲ ਵੀ ਉਨ੍ਹਾਂ ਵਿਚ ਸ਼ਾਮਲ ਹੋਵੇਗਾ)। ਉਪਰ ਵਰਣਤ ਆਗੂ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਨਿਤਰਨ ਦੀ ਹਿੰਮਤ ਕਰਨਗੇ? ਹਿੰਮਤ ਕਰਨਗੇ ਤਾਂ ਵਾਹਿਗੁਰੂ ਮਦਦ ਵੀ ਜ਼ਰੂਰ ਕਰੇਗਾ। ਪਰ ਸਿੱਖ ਕੌਮ, ਇਸ ਰਾਜਸੀ ਯੁਗ ਵਿਚ ਸਿਆਸੀ ਤੌਰ 'ਤੇ ਏਨੀ ਨਿਮਾਣੀ, ਨਿਤਾਣੀ ਤੇ ਬੇਆਸਰਾ ਜਹੀ ਬਣ ਕੇ ਵੀ ਬੱਚ ਨਹੀਂ ਸਕੇਗੀ!ਕੋਈ ਤਾਂ ਬੋਲੇ ਪੰਥ ਦਾ ਸੱਚੇ ਦਿਲੋਂ ਨਾਹਰਾ ਲਾ ਕੇ!





TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਚਿੱਟੀ ਘੋੜੀ ਵਾਲਾ ਸਰਦਾਰ



1947 ਦੀਆਂ ਕਿਆਮਤਾਂ ਨੂੰ ਕੌਣ ਨਹੀਂ ਜਾਣਦਾ? ਇਕ ਪਾਸੇ ਦਿੱਲੀ ਦੇ ਲਾਲ ਕਿਲ੍ਹੇ ਉਪਰ ਤਿਰੰਗਾ ਲਹਿਰਾ ਕੇ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ ਤੇ ਪੰਜਾਬ ਅਤੇ ਬੰਗਾਲ ਦੀਆਂ ਧਰਤੀਆਂ ਦੀ ਵੰਡ ਕਰ ਕੇ ਮੁਸਲਮਾਨਾਂ ਤੇ ਹਿੰਦੂਆਂ, ਸਿੱਖਾਂ ਦੇ ਕਤਲਾਂ ਨਾਲ ਖ਼ੂਨ ਦੇ ਦਰਿਆ ਵਹਾਏ ਜਾ ਰਹੇ ਸਨ। ਇਸ ਸਮੇਂ ਜਿਥੇ ਆਪੋ ਅਪਣੇ ਭਾਈਚਾਰੇ ਦੀਆਂ ਸਾਂਝਾਂ ਤੋੜ ਕੇ ਲੁੱਟਾਂ ਖੋਹਾਂ, ਕਤਲੋ-ਗ਼ਾਰਤ, ਧੀਆਂ ਭੈਣਾਂ ਦੀਆਂ ਇਜ਼ਤਾਂ ਰੋਲੀਆਂ ਜਾ ਰਹੀਆਂ ਸਨ, ਉਥੇ ਉਨ੍ਹਾਂ ਦੇ ਮੁਕਾਬਲੇ ਦੋਹਾਂ ਪਾਸਿਆਂ ਤੋਂ ਮਨੁੱਖਤਾ ਦੀ ਰਖਿਆ ਕਰਦਿਆਂ ਅਨੇਕਾਂ ਲੋਕਾਂ ਨੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪਸੀ ਸਾਂਝ ਬਰਕਰਾਰ ਕਾਇਮ ਰੱਖ ਕੇ ਮਨੁੱਖਾਂ ਦੀ ਸੇਵਾ ਦੇ ਵੀ ਕਈ ਸਬੂਤ ਜੱਗ ਜ਼ਾਹਰ ਕੀਤੇ। ਇਹੋ ਜਹੇ ਸੂਰਬੀਰ ਯੋਧਿਆਂ ਵਿਚ ਇਕ ਮਿਸਾਲ ਸਭਰਾਵਾਂ ਨਹਿਰ ਦੇ ਕੰਢੇ 'ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵੈਰੋਂ ਬਧੇਸ਼ਿਆਂ ਦੀ ਬਹੁਤ ਹੀ ਪਿਆਰੇ ਤੇ ਮਹਾਨ ਸੇਵਾਦਾਰ ਸ. ਮੁਲੱਖਾ ਸਿੰਘ ਦੀ ਕਹਾਣੀ ਹੈ ਜੋ ਘੋੜੀਆਂ ਤੇ ਚੰਗੇ ਬੈਲ, ਮੱਝਾਂ ਰੱਖਣ ਦਾ ਬੜਾ ਸ਼ੌਕੀਨ ਸੀ।

ਉਸ ਕੋਲ ਉਸ ਸਮੇਂ ਬਹੁਤ ਵੱਡੀ ਇਕ ਚਿੱਟੀ ਘੋੜੀ ਹੁੰਦੀ ਸੀ। ਉਹ ਗਤਕੇਬਾਜ਼ ਸੀ ਤੇ ਬਹੁਤ ਜੋਸ਼ੀਲਾ ਤੇ ਫੁਰਤੀਲਾ ਸ਼ੇਰ ਜਵਾਨ ਸੀ! ਉਸ ਕੋਲੋਂ ਘੋੜੀ ਖੋਹਣ ਵਾਸਤੇ ਕਈ ਵਾਰ ਬਦਮਾਸ਼ ਲੋਕਾਂ ਨੇ ਅਪਣੇ ਕਈ ਢੰਗ ਤਰੀਕੇ ਵਰਤੇ ਪ੍ਰੰਤੂ ਉਸ ਕੋਲੋਂ ਘੋੜੀ ਖੋਹ ਨਾ ਸਕੇ। ਉਸ ਦੇ ਅਪਣੇ ਹੀ ਪਿੰਡ ਦਾ ਇਕ ਬਹੁਤ ਵੱਡਾ ਬਦਮਾਸ਼ ਸੀ ਜੋ ਇਲਾਕੇ ਵਿਚ ਅਪਣੀ ਪੂਰੀ ਦਹਿਸ਼ਤ ਰਖਦਾ ਸੀ। ਉਸ ਨੇ ਮਲੱਖਾ ਸਿੰਘ ਤੋਂ ਘੋੜੀ ਮੰਗੀ ਤੇ ਸਰਦਾਰ ਮਲੱਖਾ ਸਿੰਘ ਨੇ ਉਸ ਨੂੰ ਕਰਾਰਾ ਜਵਾਬ ਦੇ ਦਿਤਾ ਤੇ ਕਿਹਾ ਇਹ ਘੋੜੀ ਮੈਂ ਸ਼ੌਂਕ ਨਾਲ ਰੱਖੀ ਹੈ, ਤੇਰੇ ਵਰਗੇ ਲੁਟੇਰੇ ਨੂੰ ਮੈਂ ਕਿਉਂ ਦੇਵਾਂ? ਉਸ ਲੁਟੇਰੇ ਦਾ ਨਾਂ ਕਾਹਨਾ ਸੀ। ਕਾਹਨੇ ਨੇ ਕਿਹਾ ਤੂੰ ਇਸ ਨੂੰ ਕਿੰਨਾ ਚਿਰ ਰੱਖ ਸਕੇਂਗਾ? ਘੋੜੀ ਵਾਲੇ ਨੇ ਉੱਤਰ ਦਿਤਾ, ''ਇਸ ਹੀਰੇ ਦਾ ਮੁੱਲ ਹੈ ਛਿੱਤਰ, ਜੇ ਖਾ ਸਕਦੈਂ ਤਾਂ ਲੈ ਲਵੀਂ।''

ਇਹ ਸਮਾਂ ਅਗੱਸਤ 1947 ਦੇ ਆਖ਼ਰੀ ਦਿਨਾਂ ਦਾ ਸੀ। ਘੋੜੀ ਵਾਲਾ ਸਰਦਾਰ ਮੁਲੱਖਾ ਸਿੰਘ ਅਪਣੇ ਰਿਸ਼ਤੇਦਾਰਾਂ ਦੇ ਪਿੰਡ ਛੱਜਲਵੱਡੀ ਤੋਂ ਘੋੜੀ 'ਤੇ ਆ ਰਿਹਾ ਸੀ। ਛੱਜਲਵੱਡੀ ਤੋਂ ਤਿੰਨ ਕੁ ਮੀਲ ਆਇਆ ਤਾਂ ਕਾਹਨੇ ਬਦਮਾਸ਼ ਨਾਲ ਇਕ ਹੋਰ ਲੁਟੇਰਾ ਵੀ ਸੀ। ਦੋਵੇਂ ਜਣੇ ਪਿੰਡ ਬਧੇਸ਼ਿਆਂਵਾਲੀ ਤੋਂ ਮੁਸਲਮਾਨਾਂ ਦੀਆਂ ਦੋ ਜਵਾਨ ਕੁੜੀਆਂ ਚੁੱਕ ਕੇ ਲਈ ਜਾ ਰਹੇ ਸਨ। ਸਰਦਾਰ ਨੇ ਸੱਭ ਕੁੱਝ ਸੋਚ ਸਮਝ ਕੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਨੇੜੇ ਜਾ ਕੇ ਘੋੜੀ ਦਰਖ਼ਤ ਨਾਲ ਬੰਨ੍ਹ ਕੇ ਉਨ੍ਹਾਂ ਨੂੰ ਕਿਹਾ, ''ਛੱਡੋ ਇਨ੍ਹਾਂ ਕੁੜੀਆਂ ਨੂੰ।'' ਕੁੜੀਆਂ ਰੋ ਰਹੀਆਂ ਸਨ। ਉਨ੍ਹਾਂ ਦੋਹਾਂ ਕੋਲ ਬਰਛੇ ਸਨ ਤੇ ਉਸ ਕੋਲ ਤਲਵਾਰ ਸੀ। ਗਤਕੇਬਾਜ਼ ਹੋਣ ਕਰ ਕੇ ਦੋਹਾਂ ਨਾਲ ਟੱਕਰ ਪਿਆ। ਲੜਦਿਆਂ ਲੜਦਿਆਂ ਕਾਹਨੇ ਦੇ ਨਾਲ ਦੇ ਬਦਮਾਸ਼ ਦੀ ਧੌਣ ਵੱਢੀ ਗਈ, ਸਿਰ ਧੜ ਤੋਂ ਵੱਖ ਹੋ ਗਿਆ ਤੇ ਕਾਹਨਾ ਅਪਣਾ ਬਰਛਾ ਲੈ ਕੇ ਨੱਸ ਗਿਆ।

ਦੋਹਾਂ ਕੁੜੀਆਂ ਨੂੰ ਪੁਛਿਆ, ''ਭੈਣੇ ਤੁਸੀ ਕਿਥੋਂ ਆਈਆਂ ਹੋ?''

ਉਨ੍ਹਾਂ ਨੇ ਉੱਤਰ ਦਿਤਾ ਕਿ ''ਅਸੀ ਸ਼ਬੀਨਾਂ ਤੇ ਨਜ਼ੀਮਾਂ ਦੋਵੇਂ ਹਨੀਫ਼ ਮੁੱਲਾ ਬਧੇਸ਼ਿਆਂ ਵਾਲੇ ਦੀਆਂ ਲੜਕੀਆਂ ਹਾਂ।'' ਸਰਦਾਰ ਨੇ ਕਿਹਾ ''ਬੈਠੋ ਘੋੜੀ ਤੇ, ਮੈਂ ਤੁਹਾਨੂੰ ਤੁਹਾਡੇ ਘਰ ਛੱਡ ਕੇ ਆਉਂਦਾ ਹਾਂ।'' ਦੋਵੇਂ ਕੁੜੀਆਂ ਸਰਦਾਰ ਦੇ ਪਿੱਛੇ ਘੋੜੀ 'ਤੇ ਬੈਠ ਗਈਆਂ। ਸਰਦਾਰ ਦੋਹਾਂ ਕੁੜੀਆਂ ਨੂੰ ਪਿੰਡ ਦੇ ਬਾਹਰਵਾਰ ਉਤਾਰ ਕੇ ਕਹਿਣ ਲੱਗਾ, ''ਤੁਸੀ ਅੱਗੇ ਅੱਗੇ ਚਲੋ ਤੇ ਮੈਂ ਪਿੱਛੇ ਪਿੱਛੇ ਆਉਂਦਾ ਹਾਂ।'' ਜਦੋਂ ਕੁੜੀਆਂ ਘਰ ਪਹੁੰਚੀਆਂ ਤਾਂ ਘਰ ਦੇ, ਬੂਹਾ ਬੰਦ ਕਰ ਕੇ ਸੋਗ 'ਚ ਡੁੱਬੇ ਪਏ ਸੀ। ਕੁੜੀਆਂ ਨੇ ਅੱਬਾ ਅੱਬਾ ਦੀਆਂ ਆਵਾਜ਼ਾਂ ਮਾਰੀਆਂ ਤੇ ਘਰਦਿਆਂ ਨੇ ਭੱਜ ਕੇ ਬੂਹਾ ਖੋਲ੍ਹਿਆ। ਕੁੜੀਆਂ ਬੋਲੀਆਂ ''ਅੱਬਾ ਅੱਬਾ ਔਹ ਸਾਡਾ ਰੱਬ ਖੜਾ ਹੈ, ਜਿਸ ਦੀ ਮਿਹਰ ਨਾਲ ਅਸੀ ਸਹੀ ਸਲਾਮਤ ਘਰ ਆ ਗਈਆਂ।'' ਸਾਰੇ ਪਿੰਡ 'ਚ ਪਸਰਿਆ ਸੋਗ, ਖ਼ੁਸ਼ੀ 'ਚ ਬਦਲ ਗਿਆ। ਪਿੰਡ ਵਾਸੀਆਂ ਨੇ ਸਰਦਾਰ ਦੀ ਬਹੁਤ ਇੱਜ਼ਤ ਕਰਦਿਆਂ ਰੁਪਿਆਂ ਦੀ ਝੜੀ ਲਾ ਦਿਤੀ ਪਰ ਸਰਦਾਰ ਨੇ ਸੱਭ ਕੁੱਝ ਕੁੜੀਆਂ ਨੂੰ ਦੇ ਕੇ ਆਗਿਆ ਲਈ ਤਾਂ ਪਿੰਡ ਦੇ 10-12 ਮੁਸਲਮਾਨ ਤੇ ਸਿੱਖ ਰਲ ਕੇ ਉਸ ਨੂੰ ਉਸ ਦੇ ਪਿੰਡ ਪੈਰੋ ਬਧੇਸ਼ੇ ਛੱਡਣ ਆਏ ਤਾਂ ਪਿੰਡ ਦੇ ਜ਼ੈਲਦਾਰ ਨੂੰ ਬਹੁਤ ਖ਼ੁਸ਼ੀ ਹੋਈ। ਉਸ ਨੇ ਆਏ ਸੱਜਣਾਂ ਨੂੰ ਕਿਹਾ, ''ਅਸੀ ਅਖੰਡ ਪਾਠ ਕਰਾਉਂਦੇ ਹਾਂ ਤੇ ਤੁਸੀ ਅਪਣੇ ਭੈਣ ਭਰਾਵਾਂ ਨੂੰ ਲੈ ਕੇ ਆਉਣਾ। ਸਾਨੂੰ ਅਪਣੇ ਜਵਾਨਾਂ 'ਤੇ ਮਾਣ ਮਹਿਸੂਸ ਹੋਇਆ ਹੈ ਜਿਸ ਨੇ ਇਕ ਮਹਾਨ ਸੇਵਾ ਕਰ ਵਿਖਾਈ ਹੈ।''ਜਿਸ ਦਿਨ ਅਖੰਡ ਪਾਠ ਸੀ, ਉਸ ਦਿਨ ਪਿੰਡ ਦੇ ਮੁਸਲਮਾਨ, ਸਰਦਾਰ ਨੂੰ ਇਕ ਘੋੜੀ ਹੋਰ ਦੇ ਕੇ ਗਏ ਤੇ ਆਖਿਆ, ''ਅਸੀ ਤਾਂ ਪਤਾ ਨਹੀਂ ਕਿੱਦਾਂ ਤੇ ਕਿਵੇਂ ਇਥੋਂ ਚਲੇ ਜਾਣਾ ਹੈ। ਸਾਡਾ ਡੰਗਰ ਵੱਛਾ ਹੁਣ ਇੱਧਰ ਹੀ ਰਹਿ ਜਾਣਾ ਹੈ। ਅਸੀ ਅਪਣੀਆਂ ਘੋੜੀਆਂ ਵਿਚੋਂ ਸੱਭ ਤੋਂ ਵਧੀਆ ਘੋੜੀ ਚਿੱਟੀ ਘੋੜੀ ਵਾਲੇ ਸਰਦਾਰ ਲਈ ਲੈ ਕੇ ਆਏ ਹਾਂ।'' ਇਸ ਪਿੱਛੋਂ ਸਰਦਾਰ ਦਾ ਨਾਮ ਇਲਾਕੇ ਵਿਚ ਚਿੱਟੀ ਘੋੜੀ ਵਾਲਾ ਸਰਦਾਰ ਪੈ ਗਿਆ। ਨਮੂਨੀਏ ਦੀ ਬਿਮਾਰੀ ਨਾਲ ਘੋੜੀ ਦੀ 1964 ਵਿਚ ਮੌਤ ਹੋ ਗਈ ਸੀ ਤੇ ਸਰਦਾਰ ਦੀ ਮੌਤ 1994 ਵਿਚ ਹੋਈ ਸੀ। ਅਪਣੇ ਪਿੱਛੇ ਤਿੰਨ ਪੁੱਤਰ, ਇਕ ਧੀ, ਤਿੰਨ ਦੋਹਤੇ, ਇਕ ਦੋਹਤੀ, ਚਾਰ ਪੋਤਰੇ, ਦੋ ਪੋਤਰੀਆਂ ਛੱਡ ਗਿਆ। ਉਸ ਦੇ ਬੱਚਿਆਂ ਦੇ ਪ੍ਰਵਾਰ ਬੜੇ ਨੇਕ ਸੁਭਾਅ ਦੇ ਮਾਲਕ ਤੇ ਮਿਲਣਸਾਰ ਦੱਸੇ ਜਾਂਦੇ ਹਨ।

# ਜੰਤਰ-ਮੰਤਰ 'ਤੇ ਕਿਸਾਨਾਂ ਵੱਲੋਂ ਮਹਾਪੰਚਾਇਤ

ਨਵੀਂ ਦਿੱਲੀ:ਸੰਯੁਕਤ ਕਿਸਾਨ ਮੋਰਚਾ (ਅਰਾਨੈਤਿਕ) ਦੇ ਸੱਦੇ 'ਤੇ ਲਖੀਮਪੁਰ ਖੀਰੀ ਕਾਂਡ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਗ੍ਰਿਫਤਾਰੀ, ਬਿਜਲੀ ਬਿੱਲ ਰੱਦ ਕਰਨ, ਐੱਮ ਐੱਸ ਪੀ ਨੂੰ ਕਾਨੂੰਨੀ ਜਾਮਾ ਪਹਿਨਾਉਣ, ਕਿਸਾਨਾਂ 'ਤੇ ਦਰਜ ਮੁਕੱਦਮੇ ਵਾਪਸ ਲੈਣ ਸਮੇਤ ਕਈ ਮੰਗਾਂ ਨੂੰ ਲੈ ਕੇ ਸੋਮਵਾਰ ਕਿਸਾਨਾਂ ਨੇ ਇਥੇ ਜੰਤਰ-ਮੰਤਰ 'ਤੇ ਮਹਾਪੰਚਾਇਤ ਕੀਤੀ।

ਦਿੱਲੀ ਵੱਲੋਂ ਕੀਤੀਆਂ ਪੇਸ਼ਬੰਦੀਆਂ ਦੇ ਬਾਵਜੂਦ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਕੇਰਲਾ, ਕਰਨਾਟਕ ਆਦਿ ਰਾਜਾਂ ਤੋਂ ਕਿਸਾਨ ਯੂਨੀਅਨਾਂ ਦੇ ਕਾਰਕੁੰਨ ਪਹੁੰਚੇ। ਮਹਾਪੰਚਾਇਤ ਤੋਂ ਪਹਿਲਾਂ ਗਾਜੀਪੁਰ ਬਾਰਡਰ 'ਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲੀਆਂ। ਮੋਰਚੇ ਦੇ ਆਗੂਆਂ ਨੇ ਦੋਸ਼ ਲਾਇਆ ਕਿ ਕੁਝ ਟਿਕਾਣਿਆਂ 'ਤੇ ਜੰਤਰ ਮੰਤਰ ਵੱਲ ਵਧ ਰਹੇ ਕਿਸਾਨਾਂ ਨੂੰ ਰੋਕਿਆ ਗਿਆ।

ਪ੍ਰਬੰਧਕਾਂ 'ਚੋਂ ਇਕ ਅਭਿਮੰਨਿਊ ਸਿੰਘ ਕੋਹਾੜ ਨੇ ਕਿਹਾ ਕਿ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਤੋਂ ਆ ਰਹੇ ਕਿਸਾਨਾਂ ਨੂੰ ਐਤਵਾਰ ਰਾਤ ਨੂੰ ਰੋਕਿਆ ਗਿਆ।

ਉਨ੍ਹਾਂ ਨੂੰ ਗੁਰਦੁਆਰਾ ਬੰਗਲਾ ਸਾਹਿਬ, ਰਕਾਬਗੰਜ ਤੇ ਮੋਦੀ ਬਾਗ ਲਿਜਾਇਆ ਗਿਆ ਤੇ ਮਗਰੋਂ ਰਿਹਾਅ ਕਰ ਦਿੱਤਾ। ਸੰਯੁਕਤ ਕਿਸਾਨ ਮੋਰਚਾ (ਅਰਾਜਨੈਤਿਕ) ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੱਧ ਸਮਾਂ ਅੰਦੋਲਨ ਚਲਾਉਣ ਵਾਲੇ ਸੰਯੁਕਤ ਕਿਸਾਨ ਮੋਰਚੇ ਨਾਲੋਂ ਅੱਡ ਹੋਇਆ ਸੰਗਠਨ ਹੈ। ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਮਹਾਪੰਚਾਇਤ ਦਾ ਹਿੱਸਾ ਨਹੀਂ। ਇਹ ਬੀ ਕੇ ਯੂ ਏਕਤਾ ਸਿੱਧੂਪੁਰ ਦੇ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਿਚ ਹੋਈ ਹੈ।










# ਅਡਾਨੀ ਗਰੁੱਪ ਵੱਲੋਂ ਐੱਨਡੀਟੀਵੀ ਵਿਚ ਵੱਡੀ ਹਿੱਸੇਦਾਰੀ ਖ਼ਰੀਦਣ ਦੀ ਤਿਆਰੀ

ਨਵੀਂ ਦਿੱਲੀ:-ਭਾਰਤ ਦੇ ਧਨਕੁਬੇਰਾਂ 'ਚੋਂ ਇਕ ਗੌਤਮ ਅਡਾਨੀ ਦੇ ਸਮੂਹ ਨੇ ਅੱਜ ਕਿਹਾ ਕਿ ਉਹ ਨਿਊਜ਼ ਚੈਨਲ ਐੱਨਡੀਟੀਵੀ (ਨਿਊ ਦਿੱਲੀ ਟੈਲੀਵਿਜ਼ਨ ਲਿਮਟਿਡ) ਦੀ ਵੱਡੀ ਹਿੱਸੇਦਾਰੀ ਖਰੀਦੇਗਾ। ਅਡਾਨੀ ਗਰੁੱਪ ਨੇ ਸਾਲ 2008-09 ਵਿੱਚ ਐੱਨਡੀਟੀਵੀ ਨੂੰ 250 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ ਤੇ ਗਰੁੱਪ ਕਰਜ਼ੇ ਦੀ ਆਪਣੀ ਉਸ ਲੈਣਦਾਰੀ ਨੂੰ ਨਿਊਜ਼ ਚੈਨਲ ਕੰਪਨੀ ਦੀ 29.18 ਫੀਸਦ ਹਿੱਸੇਦਾਰੀ ਖਰੀਦਣ ਦੇ ਬਦਲ ਵਜੋਂ ਵਰਤ ਰਿਹਾ ਹੈ। ਸਮੂਹ ਨੇ ਬਿਆਨ ਵਿੱਚ ਕਿਹਾ ਕਿ ਉਸ ਨੇ ਚੈਨਲ ਦੀ 26 ਫੀਸਦ ਹਿੱਸੇਦਾਰੀ ਹੋਰ ਖਰੀਦਣ ਲਈ ਵੀ ਖੁੱਲ੍ਹੀ ਪੇਸ਼ਕਸ਼ ਕੀਤੀ ਹੈ। ਉਧਰ, ਐੱਨਡੀਟੀਵੀ ਨੇ ਦਾਅਵਾ ਕੀਤਾ ਹੈ ਕਿ 29 ਫ਼ੀਸਦੀ ਹਿੱਸੇਦਾਰੀ ਖ਼ਰੀਦਣ ਬਾਰੇ ਨਾ ਤਾਂ ਉਨ੍ਹਾਂ ਨਾਲ ਕੋਈ ਵਿਚਾਰ-ਚਰਚਾ ਕੀਤੀ ਗਈ ਅਤੇ ਨਾ ਹੀ ਕੋਈ ਨੋਟਿਸ ਦਿੱਤਾ ਗਿਆ। ਨਿਊਜ਼ ਚੈਨਲ ਨੇ ਇਸ ਮਾਮਲੇ ਵਿੱਚ ਉਨ੍ਹਾਂ ਦੀ ਸਹਿਮਤੀ ਨਾ ਲਏ ਜਾਣ ਵੀ ਦਾਅਵਾ ਕੀਤਾ ਹੈ।


ਮੂਨ ਲਾਈਟ ਸਕਿਓਰਟੀ ਲਿਮ.



ਸਾਨੂੰ ਸਕਿਓਰਟੀ ਦੇ ਕੰਮ ਲਈ ਬੀ.ਐਸ.ਟੀ 1 ਅਤੇ ਬੀ.ਐਸ.ਟੀ 2 ਦੇ ਸਕਿਓਰਟੀ ਗਾਰਡਾਂ ਦੀ ਲੋੜ ਹੈ। ਤਨਖਾਹ ਵਧੀਆ ਅਤੇ ਹਰ ਦੋ ਹਫਤੇ ਬਾਅਦ ਦਿੱਤੀ ਜਾਵੇਗੀ। ਦਿਨ ਅਤੇ ਰਾਤ ਦੀ ਸ਼ਿਫਟ ਲੈ ਸਕਦੇ ਹੋ। ਕੰਮ 24 ਘੰਟੇ ਚਲਦਾ ਹੈ। ਸਕਿਓਰਟੀ ਦਾ ਕੰਮ ਸਾਰੀ ਫਰੇਜ਼ਰ ਵੈਲੀ ਵਿੱਚ ਹੈ। ਕਲਾਸ 5 ਦਾ ਲਾਇਸੰਸ ਹੋਣਾ ਜਰੂਰੀ ਹੈ ਅਤੇ ਆਪਣੀ ਕਾਰ ਹੋਣੀ ਚਾਹੀਦੀ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ:

CHARLIE SANDHU: 604-864-7711

PAUL SANDHU: 604-897-3463

ਜਾਂ ਆਪਣੇ ਰੈਜ਼ਮੇ ਫੈਕਸ ਕਰੋ:

604-852-6958

The Builder's Direct

Experienced & Honest

Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC




Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com

# ਪਾਕਿਸਤਾਨ ’ਚ ਸਿੱਖ ਮਹਿਲਾ ਦਾ ‘ਜਬਰੀ ਧਰਮ ਪਰਿਵਰਤਨ ਤੇ ਵਿਆਹ ਕਰਵਾਉਣ’ ਦੇ ਦਾਅਵੇ ਬਾਰੇ ਹੁਣ ਤੱਕ ਕੀ-ਕੀ ਪਤਾ


ਲਾਹੌਰ:-ਪਾਕਿਸਤਾਨ ਦੇ ਖ਼ੈਬਰ ਪਖਤੂਖਵਾ ਦੇ ਬੁਨੇਰ ਜ਼ਿਲ੍ਹੇ ਵਿੱਚ ਲੰਘੇ ਦੋ ਦਿਨਾਂ ਤੋਂ ਸਿੱਖ ਭਾਈਚਾਰੇ ਦੇ ਲੋਕ ਪ੍ਰਦਰਸ਼ਨ ਕਰ ਰਹੇ ਹਨ। ਇਨ੍ਹਾਂ ਲੋਕਾਂ ਦਾ ਇਲਜ਼ਾਮ ਹੈ ਕਿ ਸਿੱਖ ਭਾਈਚਾਰੇ ਦੀ ਇੱਕ ਮਹਿਲਾ ਦਾ ਜ਼ਬਰਦਸਤੀ ਇਸਲਾਮ ‘ਚ ਧਰਮ ਪਰਿਵਰਤਨ ਅਤੇ ਵਿਆਹ ਕਰਵਾਇਆ ਗਿਆ ਹੈ।ਪ੍ਰਦਰਸ਼ਨ ਕਰਨ ਵਾਲਿਆਂ ਮੁਤਾਬਿਕ, ਭਾਈਚਾਰੇ ਦੀ ਇੱਕ ਮਹਿਲਾ ਬੀਨਾ ਕੁਮਾਰੀ ਨੂੰ ਅਗਵਾ ਕਰਕੇ ਉਸ ਨਾਲ ਬਲਾਤਕਾਰ ਕੀਤਾ ਗਿਆ ਅਤੇ ਫਿਰ ਉਸ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਗਿਆ। ਇਸ ਤੋਂ ਬਾਅਦ ਉਸ ਮਹਿਲਾ ਦਾ ਵਿਆਹ ਮੁਸਲਿਮ ਵਿਅਕਤੀ ਨਾਲ ਕਰਵਾ ਦਿੱਤਾ ਗਿਆ।ਇਸ ਦੌਰਾਨ, ਬੁਨੇਰ ਜ਼ਿਲ੍ਹੇ ਦੇ ਪੁਲਿਸ ਅਧਿਕਾਰੀ ਅਬਦੁਰ ਰਾਸ਼ੀਦ ਨੇ ਪਰਿਵਾਰ ਦੇ ਸਾਰੇ ਇਲਜ਼ਾਮਾਂ ਦਾ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਪੁਲਿਸ ਨੇ ਮਹਿਲਾ ਨੂੰ ਲੱਭ ਕੇ ਸਥਾਨਕ ਅਦਾਲਤ ਵਿੱਚ ਉਸ ਨੂੰ ਜੱਜ ਦੇ ਸਾਹਮਣੇ ਪੇਸ਼ ਕੀਤਾ।ਬੀਨਾ ਕੁਮਾਰੀ ਨਾਮ ਦੀ ਇਸ ਮਹਿਲਾ ਦਾ ਵੀ ਕਹਿਣਾ ਹੈ ਕਿ ਉਸ ਨੇ ਇਹ ਵਿਆਹ ਆਪਣੀ ਮਰਜ਼ੀ ਨਾਲ ਕਰਵਾਇਆ ਹੈ।



ਇੱਕ ਵੀਡੀਓ ਵਿੱਚ ਕੁਮਾਰੀ ਨੇ ਕਿਹਾ, ‘ ’ਅੱਜ ਮੈਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਹੈ, ਇੱਕ ਮੁਸਲਮਾਨ ਮੁੰਡੇ ਨਾਲ। ਮੈਂ ਇਸਲਾਮ ਬਾਰੇ ਸਿੱਖਿਆ ਲਈ, ਇਸ ਲਈ ਮੈਂ ਇਸਲਾਮ ਕਬੂਲ ਕੀਤਾ।ਉਨ੍ਹਾਂ ਅੱਗੇ ਕਿਹਾ, ਹੁਣ ਮੇਰੇ ਖਾਨਦਾਨ ਵਾਲੇ ਚਾਹੁੰਦੇ ਹਨ ਕਿ ਮੈਂ ਉਨ੍ਹਾਂ ਕੋਲ ਜਾਵਾਂ ਪਰ ਮੈਂ ਨਹੀਂ ਜਾਣਾ ਚਾਹੁੰਦੀ, ਜਿੱਥੇ ਮੇਰੇ ਪਤੀ ਜਾਣਗੇ ਮੈਂ ਉੱਥੇ ਹੀ ਜਾਵਾਂਗੀ।ਫਿਲਹਾਲ ਕੁਮਾਰੀ ਨੂੰ ਸ਼ੈਲਟਰ ਹੋਮ ਵਿੱਚ ਭੇਜ ਦਿੱਤਾ ਗਿਆ ਹੈ ਪਰ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜੇ ਤੱਕ ਉਨ੍ਹਾਂ ਦੀ ਧੀ ਨਾਲ ਨਹੀਂ ਮਿਲਵਾਇਆ ਗਿਆ ਹੈ।

# ਬਾਬਾ ਨਜਮੀ ਨਾਲ ਬਸੰਤ ਮੋਟਰਜ਼ ਵਾਲਿਆਂ ਨੇ ਮਨਾਈ ਦੁਪਹਿਰ





ਸਰੀ- ਪਿਛਲੇ ਦਿਨੀ ਬਸੰਤ ਮੋਟਰਜ਼ ਦੇ ਸੀਈਓ ਸ ਬਲਦੇਵ ਸਿੰਘ ਬਾਠ ਦੇ ਪ੍ਰਬੰਧਾਂ ਹੇਠ ਵਿਵੇਕ ਪੰਧੇਰ ਦੀ ਯਾਦ ਨੂੰ ਸਮਰਪਿਤ ਜ਼ਿੰਦਗੀ ਦੇ ਰੂਬਰੂ ਪ੍ਰੋਗਰਾਮ ਤਹਿਤ ਪ੍ਰਸਿਧ ਪਾਕਿਸਤਾਨੀ ਕ੍ਰਾਂਤੀਕਾਰੀ ਸ਼ਾਇਰ ਬਾਬਾ ਨਜਮੀ ਨਾਲ ਇਕ ਦੁਪਹਿਰ ਦਾ ਆਯੋਜਿਨ ਕੀਤਾ ਗਿਆ। ਉਥੇ ਪੰਜਾਬੀ ਕਲਾਕਾਰ ਰਾਣਾ ਰਣਬੀਰ ਦੀ ਖੂਬਸੂਰਤ ਮੰਚ ਸੰਚਾਲਨਾ ਹੇਠ ਨੇਪਰੇ ਚੜਿਆ ਇਹ ਪ੍ਰੋਗਰਾਮ ਦਰਸ਼ਕਾਂ ਸਰੋਤਿਆਂ ਦੇ ਮਨਾਂ ਵਿਚ ਸਦੀਵੀ ਯਾਦ ਵਾਂਗ ਛਾਪ ਛਡਦਾ ਸਮਾਪਤ ਹੋਇਆ।ਇਸ ਮੌਕੇ ਬਾਬਾ ਨਜਮੀ ਦੀ ਬੁਲੰਦ ਸ਼ਾਇਰੀ ਦੇ ਨਾਲ ਰਾਣਾ ਰਣਬੀਰ ਨੇ ਜ਼ਿੰਦਗੀ ਦੀਆਂ ਬਾਤਾਂ ਪਾਈਆਂ। ਬਾਬਾ ਨਜਮੀ ਨੇ ਆਪਣੇ ਮਿਹਨਤਕਸ਼ ਜੀਵਨ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਉਸ ਨੇ ਗਰੀਬੀ, ਮਜ਼ਦੂਰੀ, ਤੰਗਦਸਤੀ ਆਪਣੇ ਪਿੰਡੇ ਤੇ ਹੰਢਾਈ ਹੈ ਅਤੇ ਇਹ ਸ਼ਾਇਰੀ ਵੀ ਉਸੇ ਮਿਹਨਤੀ ਪਸੀਨੇ ਦੀ ਉਪਜ ਹੈ। ਉਨ੍ਹਾਂ ਲਗਾਤਾਰ ਆਪਣੀਆਂ ਕਵਿਤਾਵਾਂ, ਗ਼ਜ਼ਲਾਂ, ਸ਼ਿਅਰਾਂ ਦੀ ਬੁਲੰਦ ਪੇਸ਼ਕਾਰੀ ਰਾਹੀਂ ਸਰੋਤਿਆਂ ਤੋਂ ਖੂਬ ਦਾਦ ਹਾਸਲ ਕੀਤੀ।ਉਹਨਾਂ ਦੀ ਸ਼ਾਇਰੀ ਦੇ ਬੋਲ ਸਨ- ‘ਦਿਲ ਸਮੁੰਦਰ ਰਹਿਣ ਨਹੀਂ ਦਿੱਤਾ ਫਾਦਰ, ਪੰਡਤ, ਮੁੱਲਾਂ ਨੇ।ਸਭ ਨੂੰ ਰਲ ਕੇ ਬਹਿਣ ਨਹੀਂ ਦਿੱਤਾ ਫਾਦਰ, ਪੰਡਤ, ਮੁੱਲਾਂ ਨੇ’।‘ਪ੍ਰੋਗਰਾਮ ਦੌਰਾਨ ਰਾਣਾ ਰਣਬੀਰ ਦੀ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਵਲੋ ਛਾਪੀ ਗਈ ਪੁਸਤਕ ਵੀ ਰੀਲੀਜ਼ ਕੀਤੀ ਗਈ। ਬਸੰਤ ਮੋਟਰਜ਼ ਵਲੋ ਬਾਬਾ ਨਜਮੀ ਦਾ ਸਨਮਾਨ ਕੀਤਾ ਗਿਆ ਤੇ ਸ ਬਲਦੇਵ ਸਿੰਘ ਬਾਠ ਵਲੋ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਮਹਿਬੂਬਾ ਮੁਫ਼ਤੀ ਨੂੰ ਘਰ ’ਚ ਨਜ਼ਰਬੰਦ ਕੀਤਾ

ਸ੍ਰੀ ਨਗਰ:-ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਕਸ਼ਮੀਰੀ ਪੰਡਤ ਸੁਨੀਲ ਕੁਮਾਰ ਭੱਟ ਦੇ ਪਰਿਵਾਰ ਨਾਲ ਮਿਲਣ ਤੋਂ ਰੋਕਣ ਲਈ ਘਰ ’ਚ ਨਜ਼ਰਬੰਦ ਕਰ ਦਿੱਤਾ ਗਿਆ ਹੈ। ਭੱਟ ਦੀ ਅਤਿਵਾਦੀਆਂ ਨੇ ਕੁਝ ਦਿਨ ਪਹਿਲਾਂ ਸ਼ੋਪੀਆਂ ’ਚ ਹੱਤਿਆ ਕਰ ਦਿੱਤੀ ਸੀ। ਮਹਿਬੂਬਾ ਮੁਫ਼ਤੀ ਨੇ ਟਵਿੱਟਰ ’ਤੇ ਆਪਣੇ ਗੁਪਕਾਰ ਇਲਾਕੇ ’ਚ ਪੈਂਦੇ ਘਰ ਦੇ ਤਾਲੇ ਲੱਗੇ ਗੇਟਾਂ ਅਤੇ ਬਾਹਰ ਖੜ੍ਹੇ ਸੀਆਰਪੀਐੱਫ ਦੇ ਵਾਹਨਾਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ।

ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੀਆਂ ਮਾੜੀਆਂ ਨੀਤੀਆਂ ਕਾਰਨ ਕਸ਼ਮੀਰੀ ਪੰਡਤ ਨਿਸ਼ਾਨਾ ਬਣ ਰਹੇ ਹਨ। ਉਨ੍ਹਾਂ ਟਵਿੱਟਰ ’ਤੇ ਲਿਖਿਆ,‘‘ਭਾਰਤ ਸਰਕਾਰ ਕਸ਼ਮੀਰੀ ਪੰਡਤਾਂ ਦੀਆਂ ਮੁਸ਼ਕਲਾਂ ਨੂੰ ਦਬਾਉਣਾ ਚਾਹੁੰਦੀ ਹੈ ਕਿਉਂਕਿ ਉਸ ਦੀਆਂ ਮਾੜੀਆਂ ਨੀਤੀਆਂ ਕਾਰਨ ਉਨ੍ਹਾਂ ਲੋਕਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ ਜਿਨ੍ਹਾਂ ਵਾਦੀ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ।


ਜੇਕਰ ਸਾਡੇ ਵਰਗੇ ਮੁੱਖਧਾਰਾ ਦੇ ਲੋਕਾਂ ਨੂੰ ਉਨ੍ਹਾਂ ਦਾ ਦੁਸ਼ਮਣ ਦੱਸਿਆ ਜਾ ਰਿਹਾ ਹੈ ਤਾਂ ਫਿਰ ਅੱਜ ਮੈਨੂੰ ਘਰ ’ਚ ਨਜ਼ਰਬੰਦ ਕਿਉਂ ਕੀਤਾ ਗਿਆ ਹੈ।’’


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5


**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਅਗਸਤ ਮਹੀਨੇ ਦੇ ਪ੍ਰੋਗਰਾਮ**



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਭਾਈ ਕਾਨ ਸਿੰਘ ਨਾਭਾ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ ਅਤੇ ਤਿੰਨ ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਭਾਈ ਇਕਬਾਲ ਸਿੰਘ ਪਰਿਵਾਰ ਵੱਲੋਂ 2.ਭਾਈ ਅਜੀਤ ਸਿੰਘ ਪਰਿਵਾਰ ਵੱਲੋਂ
3. ਬੀਬੀ ਜਸਵੀਰ ਕੌਰ ਕੂਨਰ, ਭਾਈ ਹਰਨੇਕ ਸਿੰਘ ਪਰਿਵਾਰ ਵੱਲੋਂ ਆਪਣੀ ਬੱਚੀ ਬਨੀ ਕੌਰ ਕੂਨਰ ਦੇ ਦੂਜੇ ਜਨਮ ਦਿਨ ਦੀ ਖੁਸ਼ੀ ਵਿਚ
ਇਹ ਤਿੰਨੇ ਅਖੰਡਪਾਠ ਸਾਹਿਬ 26 ਅਗਸਤ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 28 ਅਗਸਤ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*26 ਅਗਸਤ ਦਿਨ ਸ਼ੁੱਕਰਵਾਰ ਕਾਕਾ ਇੰਦਰਜੀਤ ਸਿੰਘ ਅਤੇ ਬੱਚੀ ਸੰਦੀਪ ਕੌਰ ਦਾ ਅਨੰਦਕਾਰਜ ਹੋਵੇਗਾ।
*27 ਅਗਸਤ ਦਿਨ ਸ਼ਨਿਚਰਵਾਰ ਨੂੰ ਕਾਕਾ ਗਗਨਦੀਪ ਸਿੰਘ ਅਤੇ ਬੱਚੀ ਅਕਸ਼ਦੀਪ ਕੌਰ ਦਾ ਅਨੰਦਕਾਰਜ ਹੋਵੇਗਾ।
*27 ਅਗਸਤ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਮਨਜੋਤ ਸਿੰਘ ਪਰਿਵਾਰ ਵੱਲੋਂ 2. ਭਾਈ ਸਰਬਜੀਤ ਸਿੰਘ ਪਰਿਵਾਰ ਵੱਲੋਂ
*28 ਅਗਸਤ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਭਵਨ ਸਿੰਘ ਬੈਨੀਪਾਲ, ਬੀਬੀ ਅਮਨ ਕੌਰ ਬੈਨੀਪਾਲ ਪਰਿਵਾਰ ਵੱਲੋਂ ਆਪਣੇ ਬੇਟੇ ਗੁਰਸ਼ਾਨ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।
*28 ਅਗਸਤ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਬਾਸੀ ਪਰਿਵਾਰ ਵੱਲੋਂ 2. ਭਾਈ ਸ਼ੁਭਦੀਪ ਸਿੰਘ ਸੰਧੂ ਪਰਿਵਾਰ ਵੱਲੋਂ
*29 ਅਗਸਤ ਦਿਨ ਸੋਮਵਾਰ ਬੱਚੀ ਜੁਝਾਰ ਕੌਰ ਅਤੇ ਕਾਕਾ ਜਗਰਾਜ ਸਿੰਘ ਦਾ ਅਨੰਦਕਾਰਜ ਹੋਵੇਗਾ।
*01 ਸਤੰਬਰ ਦਿਨ ਵੀਰਵਾਰ ਸਵੇਰੇ 10 ਵਜੇ ਕਾਕਾ ਜੁਝਾਰ ਸਿੰਘ ਅਤੇ ਬੱਚੀ ਗੁਰਪ੍ਰੀਤ ਕੌਰ ਦਾ ਅਨੰਦਕਾਰਜ ਹੋਵੇਗਾ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ‘ਜਗਤਾਰ ਜੌਹਲ ਬਾਰੇ ਬ੍ਰਿਟੇਨ ਦੀਆਂ ਖੁਫ਼ੀਆਂ ਏਜੰਸੀਆਂ ਨੇ ਸਾਂਝੀ ਕੀਤੀ ਸੀ ਭਾਰਤ ਨਾਲ ਗੁਪਤ ਜਾਣਕਾਰੀ’

ਲੰਡਨ:( ਫਰੈਂਕ ਗਾਰਡਨਰ ਸਿਕਿਓਰਿਟੀ ਪੱਤਰਕਾਰ, ਬੀਬੀਸੀ ਨਿਊਜ਼)ਭਾਰਤੀ ਅਧਿਕਾਰੀ ਜੌਹਲ ‘ਤੇ ਕਤਲਾਂ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਉਂਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਉਹ ਸਿੱਖ ਰਾਸ਼ਟਰਵਾਦ ਨਾਲ ਸਬੰਧਤ ਹਨ।ਬ੍ਰਿਟੇਨ ਦੇ ਭਾਰਤੀ ਮੂਲ ਦੇ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਅਗਵਾ ਕੀਤੇ ਜਾਣ ਅਤੇ ਫਿਰ ਤਸ਼ੱਦਦ ਦਿੱਤੇ ਜਾਣ ਦੇ ਮਾਮਲੇ ਵਿੱਚ ਹੁਣ ਯੂਕੇ ਦੀਆਂ ਖੁਫੀਆ ਏਜੰਸੀਆਂ ਉੱਤੇ ਦੀ ਸ਼ਮੂਲੀਅਤ ਇਲਜ਼ਾਮ ਲੱਗ ਰਹੇ ਹਨ।ਯੂਕੇ ਦੀਆਂ ਖੁਫੀਆ ਏਜੰਸੀਆਂ ‘ਤੇ ਇਲਜ਼ਾਮ ਹੈ ਕਿ ਉਨ੍ਹਾਂ ਨੇ ਭਾਰਤੀ ਅਧਿਕਾਰੀਆਂ ਨੂੰ ਜੌਹਲ ਬਾਰੇ ਸੂਚਨਾ ਦਿੱਤੀ ਸੀ, ਜਿਸ ਤੋਂ ਬਾਅਦ ਜੌਹਲ ਨੂੰ ਅਗਵਾ ਕਰ ਲਿਆ ਗਿਆ ਅਤੇ ਫਿਰ ਤਸੀਹੇ ਦਿੱਤੇ ਗਏ।

ਇਹ ਘਟਨਾ 2017 ਦੀ ਹੈ ਜਦੋਂ ਡਮਬੈਰਟਨ (ਸਕਾਟਲੈਂਡ) ਦੇ ਰਹਿਣ ਵਾਲੇ ਜੌਹਲ ਭਾਰਤ ਆਏ ਹੋਏ ਸਨ। ਉਸ ਵੇਲੇ ਉਨ੍ਹਾਂ ਦੇ ਪਰਿਵਾਰ ਦਾ ਕਹਿਣਾ ਸੀ ਕਿ ਇੱਕ ਅਣਜਾਣ ਕਾਰ ਜਗਤਾਰ ਨੂੰ ਚੁੱਕ ਕੇ ਲੈ ਗਈ ਸੀ।ਜਗਤਾਰ ਦਾ ਕਹਿਣਾ ਹੈ ਕਿ ਉਸ ਤੋਂ ਬਾਅਦ ਉਨ੍ਹਾਂ ਨੂੰ ਕਈ ਦਿਨਾਂ ਤੱਕ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਬਿਜਲੀ ਦੇ ਝਟਕੇ ਵੀ ਦਿੱਤੇ ਗਏ। ਉਦੋਂ ਤੋਂ ਉਨ੍ਹਾਂ ਨੂੰ ਨਜ਼ਰਬੰਦ ਰੱਖਿਆ ਗਿਆ ਹੈ।ਉਸ ਤੋਂ ਬਾਅਦ ਦੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਵੱਖ-ਵੱਖ ਸਮਿਆਂ ਉੱਤੇ ਮਾਮਲਾ ਚੁੱਕਿਆ ਹੈ ਪਰ ਭਾਰਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਜੌਹਲ ਨੂੰ ਤਸੀਹੇ ਦਿੱਤੇ ਗਏ ਸਨ ਜਾਂ ਉਨ੍ਹਾਂ ਨਾਲ ਕੋਈ ਦੁਰਵਿਵਹਾਰ ਕੀਤਾ ਗਿਆ ਸੀ।ਮਈ ਮਹੀਨੇ ਵਿੱਚ ਜੌਹਲ ‘ਤੇ ਕਤਲ ਦੀ ਸਾਜ਼ਿਸ਼ ਰਚਣ ਅਤੇ ਇੱਕ ਅੱਤਵਾਦੀ ਗਿਰੋਹ ਦਾ ਮੈਂਬਰ ਹੋਣ ਦਾ ਇਲਜ਼ਾਮ ਕਾਨੂੰਨੀ ਤੌਰ ‘ਤੇ ਲਗਾ ਦਿੱਤਾ ਗਿਆ।

ਜੌਹਲ ਨੂੰ ਅਗਲੇ ਮਹੀਨੇ ਉਨ੍ਹਾਂ ਖ਼ਿਲਾਫ਼ ਲੱਗੇ ਇਲਜਾਮਾਂ ਦੀ ਪੂਰੀ ਚਾਰਜਸ਼ੀਟ ਦੇ ਨਾਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਉਸ ਵਿੱਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ।ਹੁਣ ਮਨੁੱਖੀ ਅਧਿਕਾਰ ਸਮੂਹ ਰੀਪ੍ਰੀਵ ਨੇ ਬੀਬੀਸੀ ਨੂੰ ਕੁਝ ਦਸਤਾਵੇਜ਼ ਦਿਖਾਏ ਹਨ। ਰੀਪ੍ਰੀਵ ਦਾ ਕਹਿਣਾ ਹੈ ਕਿ ਇਹ ਦਸਤਾਵੇਜ਼ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਜੌਹਲ ਦੀ ਗ੍ਰਿਫ਼ਤਾਰੀ ਬ੍ਰਿਟਿਸ਼ ਖੁਫੀਆ ਜਾਣਕਾਰੀ ਤੋਂ ਬਾਅਦ ਕੀਤੀ ਗਈ ਸੀ।ਯੂਕੇ ਸਰਕਾਰ ਕਹਿੰਦੀ ਹੈ ਕਿ ਉਹ ਚੱਲ ਰਹੇ ਕਾਨੂੰਨੀ ਕੇਸ ‘ਤੇ ਟਿੱਪਣੀ ਨਹੀਂ ਕਰੇਗੀ।

ਰੀਪ੍ਰੀਵ ਦਾ ਕਹਿਣਾ ਹੈ ਕਿ ਇਸ ਨੇ ਜੌਹਲ ਦੇ ਕੇਸ ਨਾਲ ਸਬੰਧਤ ਕਈ ਜਾਣਕਾਰੀਆਂ ਨੂੰ ਖੁਫੀਆ ਏਜੰਸੀਆਂ ਦੀ ਨਿਗਰਾਨੀ ਕਰਨ ਵਾਲੇ ਨਿਗਰਾਨੀ ਸਮੂਹ ਵੱਲੋਂ ਤਿਆਰ ਇੱਕ ਰਿਪੋਰਟ ਨਾਲ ਮਿਲਾਇਆ ਹੈ ਅਤੇ ਉਹ ਜਾਣਕਾਰੀਆਂ ਰਿਪੋਰਟ ‘ਚ ਦਰਜ ਦੁਰਵਿਵਹਾਰ ਦੇ ਇੱਕ ਖਾਸ ਦਾਅਵੇ ਨਾਲ ਮੇਲ ਖਾਂਦੀਆਂ ਹਨ।ਇਨਵੈਸਟੀਗੇਟਰੀ ਪਾਵਰਜ਼ ਕਮਿਸ਼ਨਰ ਆਫਿਸ (ਆਈਪੀਸੀਓ) ਦੀ ਰਿਪੋਰਟ ਕਹਿੰਦੀ ਹੈ, “ਜਾਂਚ ਦੇ ਦੌਰਾਨ, ਐੱਮਆਈ5 ਨੇ ਸੀਕ੍ਰੇਟ ਇੰਟੈਲੀਜੈਂਸ ਸਰਵਿਸ (ਐੱਮਆਈ6) ਰਾਹੀਂ ਇੱਕ ਪਾਰਟਨਰ ਦੇਸ਼ ਨੂੰ ਖੁਫੀਆ ਜਾਣਕਾਰੀ ਦਿੱਤੀ।‘’”ਖੁਫ਼ੀਆ ਜਾਣਕਾਰੀ ਦੇ ਸਬਜੈਕਟ (ਵਿਅਕਤੀ) ਨੂੰ ਪਾਰਟਨਰ ਦੇਸ਼ ਨੇ ਆਪਣੇ ਮੁਲਕ ਵਿੱਚ ਗ੍ਰਿਫਤਾਰ ਕੀਤਾ ਸੀ। ਉਸ ਵਿਅਕਤੀ ਨੇ ਬ੍ਰਿਟਿਸ਼ ਕਾਊਂਸਲਰ ਅਧਿਕਾਰੀ ਨੂੰ ਦੱਸਿਆ ਕਿ ਉਸ ਨੂੰ ਤਸੀਹੇ ਦਿੱਤੇ ਗਏ ਸਨ।“ਰਿਪੋਰਟ ਵਿੱਚ ਜਗਤਾਰ ਸਿੰਘ ਜੌਹਲ ਦਾ ਨਾਮ ਨਹੀਂ ਹੈ, ਪਰ ਰੀਪ੍ਰੀਵ ਦੇ ਜਾਂਚਕਰਤਾ ਇਸ ਗੱਲ ‘ਤੇ ਜ਼ੋਰ ਦੇ ਰਹੇ ਹਨ ਕਿ ਸਬੰਧਤ ਮਿਤੀਆਂ, ਬ੍ਰਿਟਿਸ਼ ਪ੍ਰਧਾਨ ਮੰਤਰੀਆਂ ਦੁਆਰਾ ਕੀਤੀ ਗਈ ਲਾਬਿੰਗ ਅਤੇ ਭਾਰਤੀ ਪ੍ਰੈਸ ਵਿੱਚ ਛਪੇ ਸਹਾਇਕ ਸਬੂਤਾਂ ਦੇ ਵੇਰਵਿਆਂ ਕਾਰਨ ਇਸ ਰਿਪੋਰਟ ਦੇ ਤੱਥ ਜੌਹਲ ਦੇ ਕੇਸ ਨਾਲ ਮੇਲ ਖਾਂਦੇ ਹਨ।2017 ਵਿੱਚ, ਹਿੰਦੁਸਤਾਨ ਟਾਈਮਜ਼ ਨੇ ਰਿਪੋਰਟ ਦਿੱਤੀ ਕਿ “ਯੂਕੇ ਦੇ ਇੱਕ ਸਰੋਤ” ਦੁਆਰਾ ਪੰਜਾਬ ਪੁਲਿਸ ਨੂੰ ਇੱਕ ਪ੍ਰਮੁੱਖ ਵਿਅਕਤੀ, “ਜੌਹਲ” ਬਾਰੇ “ਅਸਪਸ਼ਟ ਜਾਣਕਾਰੀ” ਦੇਣ ਤੋਂ ਬਾਅਦ ਜਗਤਾਰ ਸਿੰਘ ਜੌਹਲ “ਨਿਗਰਾਨੀ ਵਿੱਚ” ਆਏ ਸਨ।

ਭਾਰਤ ਸਰਕਾਰ ਜੌਹਲ ‘ਤੇ ਕਤਲਾਂ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਉਂਦੀ ਹੈ ਅਤੇ ਦਾਅਵਾ ਕਰਦੀ ਹੈ ਕਿ ਉਹ ਸਿੱਖ ਰਾਸ਼ਟਰਵਾਦ ਨਾਲ ਸਬੰਧਤ ਹਨ। ਹਾਲਾਂਕਿ ਜੌਹਲ ਕਿਸੇ ਵੀ ਗਲਤ ਕੰਮ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਹਨ।ਜਗਤਾਰ ਸਿੰਘ ਜੌਹਲ ਇੱਕ ਸਰਗਰਮ ਬਲੌਗਰ ਅਤੇ ਸਿੱਖ ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕ (ਕੈਂਪੇਨੇਰ) ਸਨ। ਕਿਹਾ ਜਾਂਦਾ ਹੈ ਕਿ ਇਸ ਨੇ ਜੌਹਲ ਨੂੰ ਭਾਰਤੀ ਅਧਿਕਾਰੀਆਂ ਦੀ ਨਜ਼ਰ ਵਿੱਚ ਲਿਆਂਦਾ ਸੀ।ਜਗਤਾਰ ਦੇ ਭਰਾ ਗੁਰਪ੍ਰੀਤ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਵੀ ਗਤੀਵਿਧੀ ਬਾਰੇ ਪਤਾ ਨਹੀਂ ਸੀ ਜਿਸ ਨੂੰ ਗੈਰ-ਕਾਨੂੰਨੀ ਮੰਨਿਆ ਜਾ ਸਕਦਾ ਹੈ।



ਉਨ੍ਹਾਂ ਇਹ ਵੀ ਇਲਜ਼ਾਮ ਲਗਾਇਆ ਕਿ ਸ਼ੁਰੂ ਵਿੱਚ ਉਨ੍ਹਾਂ ਨੂੰ ਵਕੀਲਾਂ ਜਾਂ ਬ੍ਰਿਟਿਸ਼ ਕਾਉਂਸਲਰ ਅਧਿਕਾਰੀਆਂ ਨਾਲ ਸੰਪਰਕ ਜਾਂ ਉਨ੍ਹਾਂ ਤੱਕ ਪਹੁੰਚ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਗਿਆ ਸੀ।ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲੋਂ ਕੋਰੇ ਕਾਗਜ਼ਾਂ ‘ਤੇ ਦਸਤਖਤ ਕਰਵਾਏ ਗਏ ਸਨ ਜੋ ਬਾਅਦ ਵਿੱਚ ਜੌਹਲ ਦੇ ਵਿਰੁੱਧ ਝੂਠੇ ਇਕਬਾਲ ਵਜੋਂ ਵਰਤੇ ਗਏ।ਬ੍ਰਿਟੇਨ ਦੇ ਪ੍ਰਧਾਨ ਮੰਤਰੀਆਂ ਨੇ ਉਨ੍ਹਾਂ ਦਾ ਮਾਮਲਾ ਚੁੱਕਿਆ ਹੈ ਪਰ ਭਾਰਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਜੌਹਲ ਨੂੰ ਤਸੀਹੇ ਦਿੱਤੇ ਗਏ ਸਨ।ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਕਿਹਾ ਕਿ ਉਨ੍ਹਾਂ ਨੇ ਇਸ ਸਾਲ ਅਪ੍ਰੈਲ ਵਿੱਚ ਭਾਰਤ ਦੀ ਯਾਤਰਾ ਦੌਰਾਨ ਜੌਹਲ ਦਾ ਮਾਮਲਾ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਕੋਲ ਉਠਾਇਆ ਸੀ।ਉਨ੍ਹਾਂ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਟੈਰੇਸਾ ਮੇਅ ਨੇ ਵੀ ਆਪਣੇ ਕਾਰਜਕਾਲ ਦੌਰਾਨ ਭਾਰਤ ਸਰਕਾਰ ਕੋਲ ਇਹ ਮਾਮਲਾ ਚੁੱਕਿਆ ਸੀ।

12 ਅਗਸਤ ਨੂੰ ਜਗਤਾਰ ਜੌਹਲ ਨੇ ਵਿਦੇਸ਼ ਦਫਤਰ, ਗ੍ਰਿਹ ਦਫਤਰ ਅਤੇ ਅਟਾਰਨੀ ਜਨਰਲ ਦੇ ਖ਼ਿਲਾਫ਼ ਹਾਈ ਕੋਰਟ ਵਿੱਚ ਦਾਅਵਾ ਦਾਇਰ ਕੀਤਾ ਅਤੇ ਇਲਜ਼ਾਮ ਲਾਇਆ ਕਿ ਯੂਕੇ ਦੀਆਂ ਖੁਫੀਆ ਏਜੰਸੀਆਂ ਨੇ ਗੈਰ-ਕਾਨੂੰਨੀ ਢੰਗ ਨਾਲ ਭਾਰਤੀ ਅਧਿਕਾਰੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਦਕਿ ਇਸ ਗੱਲ ਦਾ ਖ਼ਤਰਾ ਸੀ ਕਿ ਜੌਹਲ ਨੂੰ ਤਸੀਹੇ ਦਿੱਤੇ ਜਾਣਗੇ।

ਇਨ੍ਹਾਂ ਇਲਜ਼ਾਮਾਂ ‘ਤੇ ਟਿੱਪਣੀ ਕਰਦਿਆਂ ਐੱਮਪੀ ਸਟੀਵ ਬੇਕਰ ਨੇ ਕਿਹਾ, “ਇਹ ਭਿਆਨਕ ਮਾਮਲਾ, ਜਿੱਥੇ ਯੂਕੇ ਦੀ ਖੁਫੀਆ ਜਾਣਕਾਰੀ ਸਾਂਝਾ ਕਰਨ ਨੂੰ ਬੇਰਹਿਮੀ ਵਾਲੇ ਤਸ਼ੱਦਦ ਨਾਲ ਜੋੜਿਆ ਗਿਆ ਹੈ, ਸਪਸ਼ਟ ਤੌਰ ‘ਤੇ ਦਰਸਾਉਂਦਾ ਹੈ ਕਿ ਰਾਸ਼ਟਰੀ ਸੁਰੱਖਿਆ ਬਿੱਲ ਵਿੱਚ ਸੁਧਾਰ ਕਰਨ ਦੀ ਲੋੜ ਕਿਉਂ ਹੈ।“

# ਟਰੰਪ ਦੇ ਕਰੀਬੀ ਨੇ 15 ਮਾਮਲਿਆਂ ਵਿਚ ਕਬੂਲੀ ਟੈਕਸ ਚੋਰੀ

ਨਿਊਯਾਰਕ:ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਦੇ ਸਭ ਤੋਂ ਭਰੋਸੇਮੰਦ ਅਤੇ ਕਰੀਬੀ ਅਧਿਕਾਰੀਆਂ ਵਿਚੋਂ ਟਰੰਪ ਆਰਗੇਨਾਈਜੇਸ਼ਨ ਦੇ ਮੁੱਖ ਵਿੱਤੀ ਅਧਿਕਾਰੀ ਐਲਨ ਵੀਜਲਬਰਗ ਨੇ ਨਿਊਯਾਰਕ ਦੇ ਮੈਨਹਟਨ ਵਿਚ ਟੈਕਸ ਚੋਰੀ ਨਾਲ ਜੁੜੇ 15 ਮਾਮਲਿਆਂ ਵਿਚ ਅਪਣਾ ਜੁਰਮ ਕਬੂਲ ਕਰ ਲਿਆ। ਕੰਪਨੀ ਦੇ ਨਾਲ ਟੈਕਸ ਚੋਰੀ ਦੇ ਮਾਮਲਿਆਂ ਦੀ ਸਾਜਿਸ਼ ਦਾ ਦੋਸ਼ ਵੀ ਕਬੂਲਦੇ ਹੋਏ ਉਨ੍ਹਾਂ ਨੇ ਇਸ ਮਾਮਲੇ ਵਿਚ ਟਰੰਪ ਅਤੇ ਉਨ੍ਹਾਂ ਦੇ ਪਰਵਾਰ ਵਾਲਿਆਂ ਦੇ ਖ਼ਿਲਾਫ਼ ਮੂੰਹ ਨਹੀਂ ਖੋਲ੍ਹਿਆ।ਮੈਨਹਟਨ ਜ਼ਿਲ੍ਹਾ ਅਟਾਰਨੀ ਦੇ ਨਾਲ ਦੋਸ਼ ਸਵੀਕਾਰਨ ਦੇ ਸੌਦੇ ਦੇ ਤੌਰ ’ਤੇ ਵੀਜਲਬਰਗ ਨੂੰ ਕੰਪਨੀ ਦੇ ਖ਼ਿਲਾਫ਼ ਮੁਕੱਦਮੇ ਵਿਚ ਗਵਾਹੀ ਦੇਣੀ ਹੋਵੇਗੀ। ਕੰਪਨੀ ਦੇ ਖ਼ਿਲਾਫ਼ ਵੀ ਟੈਕਸੀ ਚੋਰੀ ਦੇ ਮਾਮਲੇ ਵਿਚ ਅਕਤੂਬਰ ਵਿਚ ਸੁਣਵਾਈ ਹੋਣੀ ਹੈ। ਵੀਜਲਬਰਗ ਦੀ ਗਵਾਹੀ ਨਾਲ ਕੰਪਨੀ ਭਾਰੀ ਮੁਸੀਬਤ ਵਿਚ ਪੈ ਸਕਦੀ ਹੈ ਜਿਸ ਨਾਲ ਆਖਰ ਵਿਚ ਟਰੰਪ ਅਤੇ ਉਨ੍ਹਾਂ ਦਾ ਪਰਵਾਰ ਵੀ ਲਪੇਟੇ ਵਿਚ ਆ ਸਕਦਾ ਹੈ।

# ਬੀਜੇਪੀ ਨੇ ਭੇਜਿਆ ਸੁਨੇਹਾ, ‘ਆਪ’ ਤੋੜੋ ਅਤੇ ਸਾਡੇ ਨਾਲ ਆਓ, ਅਸੀਂ ਸਾਰੇ ਕੇਸ ਖਤਮ ਕਰ ਦੇਵਾਂਗੇ:ਸਿਸੋਦੀਆ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਦੇ ਡਿਪਟੀ ਸੀਐਮ ਮਨੀਸ਼ ਸਿਸੋਦੀਆ ਨੇ ਬੀਜੇਪੀ ‘ਤੇ ਵੱਡਾ ਇਲਜ਼ਾਮ ਲਗਾਇਆ ਹੈ। ਸਿਸੋਦੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਛੱਡ ਕੇ ਉਨ੍ਹਾਂ ਨੂੰ ਭਾਜਪਾ ‘ਚ ਸ਼ਾਮਲ ਹੋਣ ਦਾ ਆਫਰ ਆਇਆ ਹੈ। ਉਨ੍ਹਾਂ ਟਵੀਟ ਕਰਕੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ‘ਆਪ’ ਨੂੰ ਤੋੜਨ ਲਈ ਸੀਬੀਆਈ ਅਤੇ ਈਡੀ ਦੇ ਸਾਰੇ ਕੇਸ ਬੰਦ ਕਰਨ ਦੀ ਪੇਸ਼ਕਸ਼ ਮਿਲੀ ਹੈ।ਸਿਸੋਦੀਆ ਨੇ ਟਵੀਟ ਕਰਕੇ ਕਿਹਾ ਕਿ ਮੇਰੇ ਕੋਲ ਭਾਜਪਾ ਦਾ ਸੁਨੇਹਾ ਆ ਗਿਆ ਹੈ, ਤੁਸੀਂ ਤੋੜ ਕੇ ਭਾਜਪਾ ‘ਚ ਆ ਜਾਓ, ਸੀਬੀਆਈ ਅਤੇ ਈਡੀ ਦੇ ਸਾਰੇ ਕੇਸ ਬੰਦ ਕਰਵਾ ਦੇਵਾਂਗੇ। ਭਾਜਪਾ ਨੂੰ ਮੇਰਾ ਜਵਾਬ- ਮੈਂ ਮਹਾਰਾਣਾ ਪ੍ਰਤਾਪ ਦਾ ਵੰਸ਼ਜ ਹਾਂ, ਮੈਂ ਰਾਜਪੂਤ ਹਾਂ, ਮੈਂ ਸਿਰ ਕਲਮ ਕਰਾਂਗਾ ਪਰ ਭ੍ਰਿਸ਼ਟ-ਸਾਜ਼ਿਸ਼ਕਾਰਾਂ ਅੱਗੇ ਨਹੀਂ ਝੁਕਾਂਗਾ। ਮੇਰੇ ਖਿਲਾਫ ਸਾਰੇ ਕੇਸ ਝੂਠੇ ਹਨ। ਤੁਸੀਂ ਜੋ ਵੀ ਕਰਨਾ ਚਾਹੁੰਦੇ ਹੋ ਕਰੋ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

• Member, Law Society of British Columbia
• Member, Canadian Bar Association including sub-section memberships in Civil Litigation and Insurance Law
• Member, Trial Lawyers Association of British Columbia
• Member, Indo-Canadian Business Association
• Speaker for the People's Law School on Personal injury Claims
• BSc (Honours), University of Delhi, 1994
• LLB, University of British Columbia, 1998
• Nominated for the Stanton Award-”Outstanding All Round Graduate over 3 years.”
• Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS
MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

***Top Quality   *Friendly Service   * On Time & Free Delivery**

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99   Double $129   Queen $149

**Matresses**



Single $149.00  Double $249.00
Queen $299.00



ਗੌਦਰੇਜ
ਦੀ ਅਲਮਾਰੀ
ਕੀਮਤ
$599.00

**Paul Narwal & Patrick 604-503-4457 ਜਾਂ 236-868-1628**

Qualicare




# ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

**Caring for a loved one with Alzheimer's or dementia can feel all-consuming. Whether you're providing that care on your own or concerned about someone else who is, we understand how hard it is to know when the time is right to invite in outside help. Truth is your loved one ought to be in the care of compassionate, competent hands, but with diseases as relentless as Alzheimer's and dementia, it's not sustainable for those hands to be yours alone. Caregivers need respite to avoid burnout. At Qualicare, we come alongside you with holistic home care solutions, designed to help slow the progression of Alzheimer's and dementia while keeping your loved one calm and healthy. Under the guidance of a local Care Expert who is experienced in brain-health management, we'll collaborate with your family to develop and execute a plan that promises: CALMING CARE From studying your loved one's favor.**

**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## CALMING CARE

From studying your loved one's favorite foods to understanding each quirk, our team will know what makes your loved one tick and offer a compassionate response that keeps the environment calm and controlled. Since Alzheimer's and dementia are progressive, the earlier we can help the more impact we can make.

## RELIABLE CAREGIVERS

It won't take long for our care team to feel like family. And, since your loved one may be particularly sensitive to new faces, we take intentional measures to keep the team consistent. It's the same reason we want to help you keep your loved one at home, in a familiar environment.

## BRAIN-HEALTHY ACTIVITIES

Our caregivers are trained and equipped with tools and activities that can slow the progression of Alzheimer's and dementia, and they build these into the day as often as they can. We'll offer helpful tips on things your family can experiment with, too.

**ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ**

**778-735-2474 ਜਾਂ 604-782-5605**

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

# In Loving
## MEMORY OF



## Sdn Amarjit Kaur Mann
(Nov 02,1929-Aug 18,2022)

**The MannFamily request your presense at the funeral service to be held at**

**Riverside Funeral Home & Crematorium (7410 Hopcott Rd, Delta, BC, V4G 1B6)**

**SATURDAY Aug 27, 2022 @ 3pm**

**Antim Ardass at Gurdwara Dashmesh Darbar Surrey BC**

**(12885-85Ave, Surrey, BC)**

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਮਾਤਾ ਜੀ ਅਮਰਜੀਤ ਕੌਰ ਮਾਨ ਸੁਪਤਨੀ ਸਵ. ਬਲਬੀਰ ਸਿੰਘ ਮਾਨ ਜਿਹਨਾਂ ਦਾ ਪਿਛਲਾ ਪਿੰਡ ਕੋਟਲਾ ਬਜਵਾੜਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਸੀ, 18 ਅਗਸਤ ਨੂੰ ਅਕਾਲਾ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਮ ਸਸਕਾਰ 27 ਅਗਸਤ ਦਿਨ ਸ਼ਨਿਚਰਵਾਰ ਸ਼ਾਮ 3 ਵਜੇ ਰਿਵਰਸਾਈਡ ਫਿਊਨਰਲ ਹੋਮ ਹਾਪਕਾਟ ਰੋਡ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਗੁ. ਦਸ਼ਮੇਸ਼ ਦਰਬਾਰ ਸਰੀ ਵਿਖੇ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

**ਰਸ਼ਪਾਲ ਸਿੰਘ ਮਾਨ (D-Plus Pizza) 604-805-5422 ਜਾਂ ਜਸਪਾਲ ਸਿੰਘ ਮਾਨ:604-725-4448**


DREAM BANQUET HALL
Opening Soon
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Reservation starts from
Aug 15, 2022 for Coming Events
Capacity
350-375 seats
For Bookings, Contact:
Ph:604-203-7272
Email:info@dreambanquethall.ca
7236 -120St, Surrey, BC

ਬੀ.ਸੀ. ਵਿੱਚ ਕੋਵਿਡ-19

## ਕੋਵਿਡ-19 ਪਿਡ੍ਰੀਐਟਿਕ ਵੈਕਸੀਨ ਹੁਣ 6 ਮਹੀਨੇ ਤੋਂ 4 ਸਾਲ ਤੱਕ ਦੇ ਬੱਚਿਆਂ ਲਈ ਮਨਜ਼ੂਰ ਕਰ ਦਿੱਤੇ ਗਏ ਹਨ।

ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ, ਪਿਡ੍ਰੀਐਟਿਕ ਵੈਕਸੀਨ ਬਾਲਗਾਂ ਦੀ ਖੁਰਾਕ ਨਾਲੋਂ ਘੱਟ ਖੁਰਾਕ ਪ੍ਰਦਾਨ ਕਰਦੇ ਹਨ ਅਤੇ ਬੱਚਿਆਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਕੈਨੇਡਾ ਦੇ ਪਿਡ੍ਰੀਐਟਿਕ ਵੈਕਸੀਨ ਦੀ ਸਖਤੀ ਨਾਲ ਜਾਂਚ ਕੀਤੀ ਗਈ ਹੈ ਅਤੇ ਇਹ ਸੁਰੱਖਿਅਤ ਹਨ। ਟੀਕਾਕਰਣ ਬੱਚਿਆਂ ਨੂੰ ਗੰਭੀਰ ਰੂਪ ਵਿੱਚ ਬੀਮਾਰ ਹੋਣ ਅਤੇ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਚਾਅ ਵਿੱਚ ਮਦਦ ਕਰਦਾ ਹੈ।



ਪੰਜਾਬੀ ਵਿੱਚ ਹੋਰ ਜਾਣੋ:
gov.bc.ca/under5vaccines-PUN

British Columbia


ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



**ਜਗਰੂਪ ਢਿੱਲੋਂ ਐਂਡ ਪਾਰਟੀ**

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:
604.401.9335
604.379.9572
778.593.9335




ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com



**FOR ALL YOUR DENTAL NEEDS**
In Cloverdale & South Surrey



Dr. Inderpreet Sandhu
BDS, DDS

**CLOVERDALE VILLAGE DENTAL**

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
**604-579-0102**


LIQUOR discounter
Friday Aug 05, 2022 until Sunday Sept 04, 2022
$86 99 PATRON REPOSADO 750ML
$60 99 JOHNNIE WALKER RED LABEL 1.75L
$59 99 JOHNNIE WALKER BLACK LABEL 750ML
$54 99 GIBSONS STERLING 1.75L
$54 99 BAILEYS ORIGINAL 1.75L
$52 99 1.75L ABSOLUT VODKA $23 99 750ML
$16 99 19 CRIMES CALI ROSE 750ML
$48 79 WISERS 1.75L
$49 99 SMIRNOFF VODKA 1.75L
$45 99 CIROC APPLE BLUE PEACH 750ML
$42 49 MAKERS MARK BOURBON 750ML
$35 99 STOLICHNAYA VODKA 1.14L
$35 99 CAPTAIN MORGAN 1.14L
$10 49 BASK PINOT NOIR 750ML
$35 49 CAZADOREZ BLANCO 750ML
$34 99 TANQUERAY 1.14L
$33 99 JAMESON 750ML
$33 99 JACK DANIELS 750ML
$27 99 SIERRA BLANCO 750ML
$25 99 KAHLUA 750ML
$9 79 BODACIOUS CAB SAUV 750ML
$25 49 PINK WHITNEY 750ML
$23 99 CROWN ROYAL 750ML
BELOW Government Store Prices!
$22 99 WISERS 750ML
$20 79 JOSE CUERVO STRAWBERRY LEMONADE 1.75L
$5 99 BABY CANADIAN 750ML
$37 99 COPPER MOON MALBEC 4L
$30 79 PELLER ESTATES DRY WHITE 4L
$17 99 TOM GORE CAB SAUV 750ML
$17 49 OYSTER BAY SAUV BLANC 750ML
$13 99 PELLER ESTATES ROSE 1.5L
$13 99 GATO NEGRO CAB SAUV 1.5L
SHOP & SAVE Rewards Program See In-Store for details
$48 99 KOKANEE 36 CANS
$46 99 CORONA 24 BOTTLES
$39 99 MICHELOB ULTRA 24 CANS
$36 99 BUDWEISER 24 CANS
$35 99 COORS LIGHT 24 CANS
$32 99 PABST 24 CANS
$37 99 JACKSON TRIGGS MERLOT CHARDONNAY 4L
$25 99 HEINEKEN 12 BOTTLES OR 12 CANS
$23 99 STELLA ARTOIS 12 BOTTLES OR 12 CANS
$23 99 CORONA 12 BOTTLES
$25 49 MODELO 12 BOTTLES
$19 99 OLD MILWAUKEE 15 CANS
$20 99 MILLER GENUINE DRAFT 12 BOTTLES
$17 49 RUFFINO PROSECCO 750ML
$20 99 SLEEMANS HONEY BROWN 12 CANS
$18 99 SNEAKY WEASEL 15 CANS
$18 79 STEAMWORKS MASH-UP 8 CANS
12 CANS $23 99 NUDE VODKA 24 CANS $44 99
$24 49 NUTRL 7 12 CANS
$24 99 TEMPO GIN 12 CAN MIX
$10 79 BODACIOUS BUBBLES 750ML
$23 99 WHITE CLAW ICED TEA 12 CANS
$22 99 TRULY LEMONADE 12 CANS
$19 79 SOMERSBY 8 CAN MIXER
$12 99 CORONA SELTZERS GRAPEFRUIT LIME 6 CANS
$12 79 WHITE CLAW BLACK CHERRY LIME 6 CANS
$12 49 NUDE PINK LEMONADE 6 CANS
$7 79 BLACK CELLAR MALBEC MERLOT 750ML
$11 49 JAW DROP GUSHING GRAPES TICKLING PINK 6 CANS
$9 99 OKANAGAN CRISP APPLE 2L
PRICE BEAT GUARANTEE
$10 79 YELLOW TAIL SHIRAZ 750ML
$9 99 JACOBS CREEK MOSCATO ROSE 750ML
$9 79 JACKSON TRIGGS CAB SAUV 750ML
8473 - 120 Street, Delta
604.592.2599
14357 - 104 Ave, Surrey
778.293.1964
LiquorDiscounter.ca
follow us on facebook
Prices exclude tax and deposits and are subject to change without notice.

# Home Improvement

## TOOR LANDSCAPING & FENCE

**RESIDENTIAL & COMMERCIAL**

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

**ਟੇਪਰਾਂ ਦੀ ਤੁਰੰਤ ਲੋੜ ਹੈ**

**ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ**

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

**Your's Complete Home Renovation**

- ਫਰੇਮਿੰਗ
- ਡਰਾਈਵਾਲ
- ਪੇਂਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੈਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ: 604-725-6270**

## KING 73 RENO LTD.

*We Do All Kind Of Renovation*

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ
17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

**FREE ESTIMATES**

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**

king73renoltd@gmail.com www.king73reno.com

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

**ਟੋਪਲਾਈਨ ਪੇਂਟਿੰਗ** ਅਸੀਂ ਸਨਡੈਕ ਵੀ ਬਣਾਉਂਦੇ ਹਾਂ

**SPECIALIZING IN:**

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.




We Built Custom Homes

• New Residential • Framing
• Commercial Const. • Roof Trusses
• Licensed • Floor Trusses
• Bonded • Other Services

J&J FRAMING LTD
CONSTRUCTION TEAM

WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਬੀਬੇ ਗੈਂਗਸਟਰ ਬਨਾਮ ਅਜੋਕੇ ਗੈਂਗਸਟਰ

ਅੱਜ ਤੋਂ 77 ਸਾਲ ਪਹਿਲਾਂ ਦੀ ਗੱਲ ਕਰਨ ਲੱਗਾ ਹਾਂ, ਜਦੋਂ ਗੈਂਗਸਟਰ ਸ਼ਬਦ ਸ਼ਾਇਦ ਹੀ ਕਿਸੇ ਦੇ ਮੂੰਹੋਂ ਸੁਣਿਆ ਹੋਵੇਗਾ ਅਤੇ ਇਹ ਅੰਗਰੇਜ਼ੀ ਦੀ ਡਿਕਸ਼ਨਰੀ ਵਿਚ ਹੀ ਲੱਭਦਾ ਸੀ। ਅੱਜ ਪੰਜਾਬੀ ਦੇ ਸਾਰੇ ਅਖ਼ਬਾਰਾਂ ਵਿਚ ਹਰ ਥਾਂ ਗੈਂਗਸਟਰ ਸ਼ਬਦ ਦੀ ਵਰਤੋਂ ਹੋ ਰਹੀ ਹੈ। ਮਾਂ-ਬੋਲੀ ਪੰਜਾਬੀ ਦੀ ਬੁੱਕਲ ਬੜੀ ਜੀ ਆਇਆਂ ਕਹਿਣ ਵਾਲੀ ਹੈ, ਇਸ ਨੇ 'ਗੈਂਗਸਟਰ' ਨੂੰ ਵੀ ਆਪਣੀ ਬੁੱਕਲ ਵਿਚ ਲੈ ਲਿਆ ਹੈ ਅਤੇ ਗੈਂਗਸਟਰ ਹੁਣ ਪੰਜਾਬੀ ਹੋ ਗਿਆ ਹੈ।ਦੂਜੀ ਗੱਲ, ਜੇ ਪੰਜਾਬੀ ਯੂਨੀਵਰਸਿਟੀ ਦੀ ਡਿਕਸ਼ਨਰੀ ਦੇਖੀਏ ਤਾਂ ਗੈਂਗਸਟਰ ਦੇ ਅਰਥ ਫ਼ਸਾਦੀ ਅਤੇ ਬਦਮਾਸ਼ ਲਿਖੇ ਹੋਏ ਹਨ- (ਬਦਮਾਅਸ਼ ਫ਼ਾਰਸੀ ਦਾ ਸ਼ਬਦ ਹੈ ਬਦ-ਮੁਆਸ) ਸੋ ਕਿਸੇ ਨੂੰ ਬਦਮਾਸ਼ ਕਹਿਣਾ ਵਧੀਆ ਨਹੀਂ ਲਗਦਾ, ਗਾਲ੍ਹ ਵਰਗਾ ਲਗਦਾ ਹੈ। ਉਸ ਤਰ੍ਹਾਂ ਵੀ ਆਪਾਂ ਬਹੁਤ ਵਾਰੀ ਭੈੜੀ ਗੱਲ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਕਹਿ ਦਿੰਦੇ ਹਾਂ, ਉਦਾਹਰਨ ਇਕੋ ਹੀ ਬਹੁਤ ਹੈ- ਲੈਟਰੀਨ, ਬਾਥਰੂਮ ਆਦਿ। ਸੋ ਅਖ਼ਬਾਰ ਅਤੇ ਆਪਾਂ ਬਦਮਾਸ਼ ਦੀ ਥਾਂ ਗੈਂਗਸਟਰ ਆਖ ਲੈਂਦੇ ਹਾਂ। ਵੈਸੇ ਅੱਜ ਕੱਲ੍ਹ ਦੇ ਕੁਝ ਨੌਜਵਾਨ ਕਿਸੇ ਮਜਬੂਰੀ ਕਾਰਨ ਕੁਰਾਹੇ ਪੈ ਜਾਂਦੇ ਹਨ ਅਤੇ ਆਪਣੇ ਆਪ ਨੂੰ ਬਦਮਾਸ਼ ਦੀ ਥਾਂ ਗੈਂਗਸਟਰ ਕਹਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ। ਭਾਈ ਕਾਨ੍ਹ ਸਿੰਘ ਜੀ ਨੇ 'ਬੀਬੇ' ਦੇ ਅਰਥ 'ਭਲਾ' ਅਤੇ 'ਨੇਕ' ਲਿਖੇ ਹਨ ਪਰ ਮੈਂ 'ਬੀਬਾ' ਉਸ ਨੂੰ ਸਮਝਦਾ ਹਾਂ ਜਿਸ ਵਿਚ ਸਾਰੇ ਗੁਣਾਂ ਦਾ ਸੁਮੇਲ ਹੋਵੇ: ਫ਼ਰਮਾਬਰਦਾਰ, ਆਦਰ ਕਰਨ ਵਾਲਾ, ਭਲਾ ਚਾਹੁਣ ਵਾਲਾ, ਹਮਦਰਦ ਅਤੇ ਸਿਆਣਾ ਵੀ ਹੋਵੇ।

ਚਲੋ ਅਸਲੀ ਗੱਲ ਕਰੀਏ; ਮੋਗੇ ਦੇ ਬੀਬੇ ਗੈਂਗਸਟਰਾਂ ਦੀ... 77 ਸਾਲ ਪਹਿਲਾਂ 1945 ਵਿਚ ਮੈਂ ਦਸਵੀਂ ਦਾ ਇਮਤਿਹਾਨ ਦਿੱਤਾ ਸੀ। ਮੋਗੇ ਵਿਚ ਜਿਸ ਥਾਂ ਅੱਜ ਕੱਲ੍ਹ ਕੈਂਪ ਕੱਪੜਾ ਮਾਰਕੀਟ ਹੈ, ਉੱਥੇ ਰੇਲ ਪਟੜੀ ਦੇ ਨੇੜੇ ਹੀ ਮੋਤੀ ਰਾਮ ਦਾ ਬਾਗ਼ ਸੀ ਅਤੇ ਹਲਟੀ ਲੱਗੀ ਹੋਈ ਸੀ। ਉੱਥੇ ਅਖਾੜਾ ਵੀ ਸੀ ਜਿੱਥੇ ਮੋਗੇ ਦੇ ਨੌਜਵਾਨ ਮੁੰਡੇ ਡੰਡ ਬੈਠਕਾਂ ਮਾਰਦੇ, ਮਾਲਸ਼ਾਂ ਕਰਦੇ, ਘੁ਼ਲਦੇ, ਹਲਟੀ ਗੇੜ ਕੇ ਨਹਾਉਂਦੇ ਅਤੇ ਸਰੀਰ ਬਣਾਉਂਦੇ ਸਨ। ਉਸ ਸਮੇਂ ਮੋਗਾ ਛੋਟਾ ਹੀ ਹੁੰਦਾ ਸੀ ਤੇ 'ਮੋਗਾ ਚਾਹ ਜੋਗਾ' ਹੀ ਕਹਾਉਂਦਾ ਸੀ।ਪੁਰਾਣੇ ਮੋਗੇ ਸਾਡੇ ਦੂੰਨੇ ਕੇ ਅਗਵਾਰ ਵਿਧਵਾ ਬੇਬੇ ਭੋਲੀ ਰਹਿੰਦੀ ਸੀ। ਉਸ ਦਾ ਇਕੋ-ਇਕ ਮੁੰਡਾ ਸ਼ੇਰਾ ਚੰਗਾ ਜਵਾਨ ਸੀ। ਪੂਰੀ ਲਿਸ਼ਕਦੀ ਟਿੰਡ ਅਤੇ ਤਕੜਾ ਪਹਿਲਵਾਨ। ਉਹ ਵੀ ਰੋਜ਼ ਮੋਤੀ ਰਾਮ ਦੇ ਬਾਗ਼ ਵਿਚ ਆ ਕੇ ਘੁ਼ਲਦਾ ਅਤੇ ਪੱਠਿਆਂ ਨੂੰ ਦਾਅ ਸਿਖਾਉਂਦਾ। ਹੁਣ ਦੂਜਿਆਂ 'ਤੇ ਉਸ ਦੀ ਸਰਦਾਰੀ ਸੀ। ਆਪਣੇ ਆਪ ਨੂੰ ਕੁਝ ਸਮਝਦਾ ਸੀ। ਬਾਕੀ ਮੁੰਡੇ ਉਸ ਤੋਂ ਡਰਦੇ ਅਤੇ ਝੇਪ ਖਾਂਦੇ ਸਨ। ਉਹ ਆਪਣੇ ਆਪ ਨੂੰ ਵੱਡਾ ਬਦਮਾਸ਼ ਅਖਵਾ ਕੇ ਖ਼ੁਸ਼ ਹੁੰਦਾ। ਜੇ ਅੱਜ ਹੁੰਦਾ ਤਾਂ ਆਪਾਂ ਉਸ ਨੂੰ ਗੈਂਗਸਟਰ ਆਖਦੇ। ਉਸ ਨੇ ਆਪਣੇ ਵਰਗੇ ਹੋਰ ਮੁੰਡਿਆਂ ਦੀ ਜੁੰਡਲੀ ਬਣਾ ਲਈ, ਜਿਸ ਨੂੰ ਮਰਜ਼ੀ ਫੜ ਕੇ ਕੁੱਟ ਦੇਣਾ ਅਤੇ ਆਪਣਾ ਦਬਦਬਾ ਕਾਇਮ ਰੱਖਣਾ।ਉਸ ਸਮੇਂ ਮੋਗੇ ਵਿਚ ਤਿੰਨ ਹੀ ਸਕੂਲ ਸਨ: ਆਰੀਆ, ਦੇਵ ਸਮਾਜ ਅਤੇ ਭੁਪਿੰਦਰਾ ਖ਼ਾਲਸਾ। ਪਿੰਡ ਚੜਿੱਕ ਵੱਲੋਂ ਵੀ ਪਿੰਡਾਂ ਦੇ ਮੁੰਡੇ ਇਕੱਠੇ ਹੋ ਕੇ ਖ਼ਾਲਸਾ ਸਕੂਲ ਆਉਂਦੇ ਸਨ। ਉਨ੍ਹਾਂ ਵਿਚ ਵੀ ਦੋ ਭਰਾ ਤਕੜੇ ਖਾਂਦੇ ਪੀਂਦੇ ਘਰ ਦੇ ਹੁੰਦੇ ਸਨ, ਬੜੇ ਖਰਾਂਟ। ਕੌਡੀ ਦੇ ਵਧੀਆ ਖਿਡਾਰੀ ਅਤੇ ਮਸ਼ਹੂਰ ਜਾਫੀ। ਵੱਡਾ ਭਰਾ ਰੱਸੇ ਦੀ ਟੀਮ ਦਾ ਕਪਤਾਨ ਅਤੇ ਸਦਾ ਬੀਂਡੀ ਲਗਦਾ ਸੀ। ਹਰ ਮੈਚ ਵਿਚ ਝੰਡੀ। ਉਸ ਦਾ ਚੰਗਾ ਤਕੜਾ ਗਰੁੱਪ ਸੀ ਅਤੇ ਦਬਦਬਾ ਵੀ। ਇਹ ਗੱਲ ਸ਼ੇਰੇ ਨੂੰ ਰੜਕਦੀ ਰਹਿੰਦੀ ਅਤੇ ਸ਼ੇਰਾ ਪੂਰੀ ਖਾਰ ਖਾਂਦਾ ਸੀ।

ਮਾਰਚ ਆ ਗਿਆ ਅਤੇ ਦਸਵੀਂ ਦੇ ਇਮਤਿਹਾਨ ਵੀ। ਉਸ ਸਮੇਂ ਪੰਜਾਬ ਯੂਨੀਵਰਸਿਟੀ ਲਾਹੌਰ ਵੱਲੋਂ ਤਿੰਨਾਂ ਸਕੂਲਾਂ ਦਾ ਇਕੋ ਹੀ ਸੈਂਟਰ ਹੁੰਦਾ ਸੀ, ਡੀਐੱਮ ਕਾਲਜ ਦਾ ਸਾਹਮਣਾ ਹਾਲ। ਪੁਲੀਸ ਨਕਲ ਰੋਕਣ ਵਾਸਤੇ ਜਾਂ ਅੱਜ ਵਾਂਗ ਕਰਾਉਣ ਵਾਸਤੇ ਨਹੀਂ ਸੀ ਹੁੰਦੀ। ਨਕਲ ਦਾ ਰਿਵਾਜ ਹੀ ਨਹੀਂ ਸੀ। ਨਕਲ ਦਾ ਰਿਵਾਜ ਆਜ਼ਾਦੀ ਮਿਲਣ ਤੋਂ ਮਗਰੋਂ ਹੀ ਸ਼ੁਰੂ ਹੋਇਆ। ਚੜਿੱਕ ਵਾਲੇ ਵੱਡੇ ਭਰਾ ਦਾ ਵੀ ਦਸਵੀਂ ਦਾ ਇਮਤਿਹਾਨ ਸੀ। ਤਿੰਨ ਪਰਚੇ ਹੋ ਚੁੱਕੇ ਸਨ, ਦੋ ਅਜੇ ਬਾਕੀ ਸਨ। ਉਸ ਦਿਨ ਸ਼ੇਰੇ ਨੇ ਵੱਡੇ ਭਰਾ ਨੂੰ ਕਾਲਜ ਨੇੜੇ ਬਰਫ਼ ਦੇ ਕਾਰਖਾਨੇ ਅੱਗੇ ਜਿੱਥੇ ਅੱਜ ਈਜ਼ੀ ਡੇ ਹੈ, ਘੇਰ ਲਿਆ। ਦੋ ਚਾਰ ਗਾਲ੍ਹਾਂ ਅਤੇ ਫਿਰ ਹੱਥੋ-ਪਾਈ। ਮੁੰਡੇ ਨੇ ਹੱਥ ਜੋੜੇ ਅਤੇ ਮਿੰਨਤ ਕੀਤੀ, "ਬਾਈ, ਮੇਰਾ ਪਰਚਾ ਹੈ ਜਾਣ ਦੇ।" ਸ਼ੇਰਾ ਬਦਮਾਸ਼ ਸੀ ਪਰ ਬੀਬਾ ਸੀ। ਕੁਝ ਸੋਚਿਆ ਹੋਵੇਗਾ। ਸ਼ੇਰੇ ਨੇ ਕਿਹਾ, "ਪੁੱਤ ਤੈਨੂੰ ਲੱਤ ਹੇਠੋਂ ਦੀ ਲੰਘਾਉਣਾ, ਵੱਡਾ ਬਦਮਾਸ਼ ਬਣਿਆ ਫਿਰਦਾ ਏਂ।" ਸ਼ੇਰੇ ਨੇ ਲੱਤ ਉੱਚੀ ਕੀਤੀ, ਉਹ ਵਿਚਾਰਾ ਸਾਰਿਆਂ ਦੇ ਸਾਹਮਣੇ ਸ਼ੇਰੇ ਦੀ ਲੱਤ ਹੇਠੋਂ ਲੰਘ ਗਿਆ। ਸ਼ੇਰੇ ਨੇ ਬੜ੍ਹਕ ਮਾਰੀ ਅਤੇ ਮੂੰਹ ਅੱਗੇ ਘਸੁੰਨ ਰੱਖ ਕੇ ਬੱਕਰਾ ਬੁਲਾਇਆ। ਗੱਲ ਮੁੱਕੀ। ਮੁੰਡੇ ਨੇ ਪਰਚਾ ਦਿੱਤਾ। ਦੂਜਾ, ਆਖ਼ਰੀ ਪਰਚਾ ਵੀ ਦਿੱਤਾ। ਮੁੱਕਿਆ ਇਮਤਿਹਾਨ, ਸ਼ੁਕਰ ਹੋਇਆ।

ਹਫ਼ਤੇ ਕੁ ਮਗਰੋਂ ਚੜਿੱਕ ਵਾਲਾ ਮੁੰਡਾ ਦੋ ਚਾਰ ਸਾਥੀ ਲੈ ਕੇ ਮੋਗੇ ਆ ਗਿਆ। ਉਨ੍ਹਾਂ ਕੋਲ ਹਾਕੀਆਂ ਹੀ ਸਨ। ਉਹ ਬਲਬੀਰ ਉਲੰਪੀਅਨ ਦਾ ਸਮਾਂ ਸੀ। ਹਾਕੀ ਹੀ ਮੁੱਖ ਖੇਡ ਅਤੇ ਹਥਿਆਰ ਹੁੰਦੀ ਸੀ। ਅੱਜ ਵਾਂਗ ਗੈਂਗਸਟਰਾਂ ਕੋਲ ਬੇਸਬਾਲ, ਬੈਟ, ਪਿਸਤੌਲ, ਚਾਕੂ, ਕਿਰਪਾਨਾਂ ਅਤੇ ਜੀਪਾਂ ਨਹੀਂ ਸੀ ਹੁੰਦੀਆਂ। ਮੁੰਡਿਆਂ ਨੇ ਫਿਰ ਤੁਰ ਕੇ ਸ਼ੇਰੇ ਨੂੰ ਬਾਜ਼ਾਰ ਵਿਚ ਹੀ ਫੜ ਲਿਆ ਤੇ ਚੜਿੱਕ ਵਾਲੇ ਨੇ ਇਕੱਲੇ ਹੀ ਉਸ ਨੂੰ ਢਾਹ ਲਿਆ। ਚੰਗੀ ਖੜਕਾਈ ਕੀਤੀ ਅਤੇ ਕਿਹਾ, "ਪੁੱਤ ਨਹੀਂ, ਤੂੰ ਵੱਡਾ ਏਂ; ਬਾਈ, ਅੱਜ ਤਿੰਨ ਵਾਰੀ ਮੇਰੀ ਲੱਤ ਹੇਠੋਂ ਦੀ ਲੰਘਣਾ ਪੈਣਾ।" ਤਿੰਨ ਵਾਰੀ ਸ਼ੇਰੇ ਨੂੰ ਲੱਤ ਹੇਠੋਂ ਦੀ ਲੰਘਾਇਆ। ਉਸ ਦੀ ਕਮੀਜ਼ ਅਤੇ ਕੱਛਾ ਲਹਾ ਲਿਆ। ਉਹ ਇਕੱਲੇ ਲੰਗੋਟ ਨਾਲ ਭੱਜਣ ਲੱਗਾ ਤਾਂ ਮੁੰਡੇ ਨੇ ਕਿਹਾ, "ਬਾਈ, 'ਕੱਲਾ ਜਾਂਗੀਆ ਚੰਗਾ ਨਹੀਂ ਲਗਦਾ।" ਉਸ ਨੂੰ ਉਸ ਦਾ ਕੱਛਾ ਦੇ ਦਿੱਤਾ ਗਿਆ। ਮੁੰਡਿਆਂ ਨੇ ਹਾਕੀ 'ਤੇ ਉਸ ਦੀ ਕਮੀਜ਼ ਟੰਗ ਕੇ ਫਾਟਕਾਂ ਤੋਂ ਲੈ ਕੇ ਅੱਜ ਦੇ ਦੇਵ ਹੋਟਲ ਤੱਕ ਬਾਜ਼ਾਰ ਵਿਚ ਜਲੂਸ ਕੱਢਿਆ ਅਤੇ ਦੱਸਿਆ: "ਇਹ ਹੈ ਤੁਹਾਡੇ ਮੋਗੇ ਦੇ ਬਦਮਾਸ਼ ਦਾ ਝੱਗਾ।"

ਦੱਸਦੇ ਹਨ ਕਿ ਕੁਝ ਦਿਨ ਮਗਰੋਂ ਮੋਗੇ ਦੇ ਕੁਝ ਸਿਆਣੇ ਬੰਦੇ ਲੈ ਕੇ ਸ਼ੇਰਾ ਚੜਿੱਕ ਗਿਆ। ਸੁਲਾਹ ਕਰਵਾਈ, ਹੱਥ ਮਿਲਾਏ ਅਤੇ ਜੱਫੀ ਵੀ ਪਾਈ ਪਰ ਮੁੜ ਕੇ ਸ਼ੇਰਾ ਮੋਗੇ ਨਹੀਂ ਦਿਸਿਆ, ਆਪਣੇ ਨਾਨਕੀਂ ਚਲਾ ਗਿਆ।ਉਹ ਸਮਾਂ ਇੰਨਾ ਖ਼ਤਰਨਾਕ ਨਹੀਂ ਸੀ। ਗੈਂਗਸਟਰ ਤਾਂ ਸਨ ਪਰ ਨਸ਼ਾਮੁਕਤ। ਘਿਓ ਪੀਂਦੇ ਸਨ, ਮਾਰੂ ਹਥਿਆਰ ਨਹੀਂ ਸਨ ਰੱਖਦੇ। ਅੱਜ ਦੀਆਂ ਖ਼ਬਰਾਂ ਪੜ੍ਹ ਕੇ ਬੜਾ ਦੁੱਖ ਹੁੰਦਾ ਹੈ। -ਜੋਧ ਸਿੰਘ ਮੋਗਾ

# ਇਹ ਪਿੜ ਹੈ ਸ਼ਾਹ ਸਵਾਰਾਂ ਦਾ

ਬੰਦਾ ਇਕ ਕਹਿੰਦਾ ਮੈਨੂੰ ਇਥੇ ਝਾੜੀ ਵਿਚ ਕਿਸੇ ਸਿੱਖ ਹੋਣ ਦਾ ਝੌਲਾ ਜਿਹਾ ਪਿਆ ਪਰ ਦੂਜਾ ਕਹਿੰਦਾ ਕੋਈ ਬੁਜਦਿਲ ਜਾਂ ਬਹਿਰੂਪੀਆ ਹੋਣਾ ਸਿਖ ਇਓਂ ਝਾੜੀਆਂ ਵਿਚ ਕਾਹਨੂੰ ਲੁਕਦਾ।ਬੋਲੀ ਸੱਲ ਪਾ ਗਈ ਸੀਨੇ ਅਤੇ ਕੇਵਲ ਦੋਂਹ ਸਿੰਘਾ ਜਾ ਚੁਰਾਹੇ ਬਰਛਾ ਗੱਡਿਆ ਅਤੇ ਲਹੌਰ ਦੀ ਸਲਤਨਤ ਨੂੰ ਸੁਨੇਹਾ ਭੇਜਿਆ ਕਿ ਸੂਬੇ ਤੇਰੀ ਖਾਨੋ ਦੇ ਦਿਓਰ ਓਡੀਕਦੇ ਪਏ ਈ ਓਏ ਆ ਨਿਕਲ ਬਾਹਰ।

ਪਤਾ ਲਗਾ ਚੌਧਰੀ ਫੌਜ ਚਾਹੜੀ ਆ ਰਿਹਾ ਇਕ ਨੇ ਕਿਹਾ ਭਾਈ ਤਾਰਾ ਸਿਆਂ ਲੜਾਈ ਸਾਵੀਂ ਨਹੀ ਥੋੜੇ ਚਿਰ ਲਈ ਪਾਸਾ ਵਟ ਚਲੀਏ ਇਕਠੇ ਹੋ ਕੇ ਭਿੜਾਂਗੇ ਤਾਂ ਸਿੰਘ ਕਹਿੰਦਾ ਸਾਵੀਂ ਲੜਾਈ ਤਾਂ ਸਾਰੇ ਈ ਲੜੀ ਫਿਰਦੇ ਤੇਗ ਦਾ ਚਾਅ ਈ ਅਸਾਵੀਂ ਵਿਚ ਲਹਿੰਦਾ। ਕਿਓਂਕਿ ਅਸਾਵੀਆਂ ਜੰਗਾਂ ਤਾਂ ਬਾਬੇ ਲੜ ਕੇ ਦੇ ਗਏ ਸਨ।ਬਾਬੇ ਅਪਣੇ ਨੂੰ ਪਤਾ ਸੀ ਚਾਲੀਆਂ ਨਾਲ ਕਿਥੇ ਲੜ ਹੋਣਾ ਚੜੇ ਆ ਰਹੇ ਟਿਡੀ ਦਲ ਨਾਲ ਪਰ ਬਾਬੇ ਤਾਂ ਕੁਝ ਹੋਰ ਈ ਦਸਣਾ ਚਾਹੁੰਦੇ ਸਨ ਲੁਕਾਈ ਨੂੰ ਅਤੇ ਨਾਲ ਦੇ ਕਿਸੇ ਇਕ ਨੇ ਵੀ ਕਿਹਾ ਹੋਵੇ ਕਿ ਬਾਬਾ ਨਿਕਲ ਚਲੀਏ ਫਿਰ ਰਣ ਤਤਾ ਕਰ ਲਾਂਗੇ। ਨਾ ਬਾਬੇ ਦੇ ਪੁਤਰਾਂ ਕਿ ਬਾਪੂ ਕਿਓਂ ਅੰਞਾਈਂ ਮਰਵਾਓਣ ਲਗਾ ਮੁਕਾਬਲਾ ਦੂਰ ਨੇੜੇ ਦਾ ਵੀ ਨਾ।ਪੱਲੇ ਮੁੱਠ ਛੋਲਿਆ ਦੀ ਬਧੀ ਘੋੜੇ ਦੀ ਕਾਠੀ ਉਪਰ ਊਂਘ ਰਿਹਾ ਮੁਗਲ ਅਤੇ ਅਫਗਾਨੀ ਸਲਤਨਤ ਦੋਹਾਂ ਨਾਲ ਮਥਾ ਲਾਈ ਬੈਠਾ ਸਿੰਘ ਪਰ ਦਾਅਵਾ ਪਤਾ ਕਾਹਦਾ ਰਖਦਾ? ਪਾਤਸ਼ਾਹੀ ਦਾ।ਨਾਲ ਵਾਲਿਆਂ ਕਿਹਾ ਹਰੀ ਸਿਆਂ ਕਸੂਰ ਦੀਆਂ ਗੜੀਆਂ ਨੂੰ ਜਾ ਪੈਣਾ ਕੋਈ ਖਾਲਾ ਜੀ ਦਾ ਵਾੜਾ ਨਹੀ ਤੈਂ ਪੰਡਤ ਨੂੰ ਹਾਂਅ ਕਾਹਤੋਂ ਕਰਨੀ ਸੀ ਐਵੇਂ ਇਕ ਪੰਡਤਾਣੀ ਪਿਛੇ ਬੰਦੇ ਮਰਵਾਵਾਂਗੇ ਪਰ ਸਿੰਘ ਕਹਿੰਦਾ ਹੁਣ ਤਾਂ ਅਰਦਾਸੇ ਹੋ ਚੁਕੇ ਨੇ ਮਿੱਟੀ ਦੇਖਿਓ ਉਡਦੀ ਕਸੂਰ ਦੀ ਅਤੇ ਰੋਲ ਕੇ ਰਖ ਦਿਤਾ ਕਸੂਰ ਸਿੰਘਾਂ ਨੇ।

ਬੁਲੰਦ ਹੌਸਲੇ ਦਾਂ ਨਾ ਹੈ ਸ਼ਾਹ ਸਵਾਰ ਅਤੇ ਹੌਸਲਿਆਂ ਦੇ ਸ਼ਾਹਸਵਾਰਾਂ ਦੇ ਇਹ ਗਲ ਨੇੜਿਓਂ ਵੀ ਨਾ ਸੀ ਲੰਘੀ ਕਿ ਸਾਡੇ ਪੱਲੇ ਤਾਂ ਕੱਖ ਨਹੀ ਸਿਵਾਏ ਮੁਠ ਛੋਲਿਆਂ ਦੀ ਤੇ ਮੱਥਾ ਪਹਾੜ ਨਾਲ ਲਾਈ ਬੈਠੇ ਹਾਂ।

ਕਹਿ ਸਕਦੇਂ ਤੁਸੀਂ ਕਿ ਓਹ ਜਮਾਨੇ ਹੋਰ ਸਨ ਯਾਣੀ ਜੇ ਤੁਹਾਡੇ ਕੋਲੇ ਤਲਵਾਰ ਸੀ ਤਾਂ ਅਗਿਓਂ ਲੜਨ ਵਾਲੇ ਕੋਲੇ ਵੀ ਓਹੀ ਤਲਵਾਰ ਸੀ ਪਰ ਹੁਣ ਜੇ ਤੁਹਾਡੇ ਕੋਲੇ ਬਦੂੰਕ ਐ ਤਾਂ ਅਗਲੇ ਪ੍ਰਮਾਣੂ ਚੁਕੀ ਫਿਰਦੇ, ਤੋਪਾਂ ਗਡੀ ਫਿਰਦੇ ਪਰ ਯਾਦ ਰਖਣਾ ਅਮਰੀਕਾ ਜਿੰਨੇ ਪ੍ਰਮਾਣੂ ਕਿਸੇ ਕੋਲ ਨਾ, ਰੂਸ ਪ੍ਰਮਾਣੂਆਂ ਵਿਚ ਖੇਡਦਾ ਫਿਰਦਾ ਪਰ ਬੁਲੁੰਦ ਹੌਸਲਿਆਂ ਵਾਲਿਆਂ ਦੋਹਾਂ ਦੀਆਂ ਛਾਲਾਂ ਚੁਕਾ ਛਡੀਆਂ।ਹਥਿਆਰ ਲੜਦੇ ਨੇ ਪਰ ਹਥਿਆਰਾਂ ਪਿਛੇ ਹੌਸਲੇ ਜਿਆਦਾ ਲੜਦੇ ਨੇ ਨਹੀ ਤਾਂ ਪਾਕਿਸਤਾਨ ਦੀ ਜੰਗ ਸਮੇ ਪੂਰਬੀਏ ਕਮਾਦਾਂ ਵਿਚ ਨੀਕਰਾਂ ਲਾਹ ਲਾਹ ਨਾ ਦੌੜਦੇ ਅਤੇ ਮਿਲੇ ਹਥਿਆਰ ਵੀ ਕਮਾਦਾਂ ਵਿਚ ਸੁਟ ਆਏ ਕਿ ਕਿਤੇ ਪਤਾ ਨਾ ਲਗੇ ਫੌਜ ਵਾਲੇ ਹਾਂ।

ਡਾਕੂਆਂ ਬਣੀਆਂ ਘੇਰ ਲਿਆ। ਘਰਵਾਲੀ ਦੇ ਗਹਿਣੇ-ਗਟੇ ਅਤੇ ਪੈਸਾ-ਧੇਲਾ ਸਭ ਲੁਟ ਕੇ ਜਦ ਬਣੀਏ ਦੀ ਤਲਾਸ਼ੀ ਲਈ ਤਾਂ ਡੱਬ ਵਿਚ ਪਸਤੌਲ ਟੰਗੀ ਫਿਰੇ। ਡਾਕੂ ਕਹਿੰਦੇ ਆਹ ਕੀ ਓਏ ਤਾਂ ਕਹਿੰਦਾ ਇਹ ਔਖੇ ਵੇਲੇ ਲਈ ਰਖਿਆ।ਡੇੜ ਸਓ ਬੰਦਾ ਤਿਰਸ਼ੂਲਾਂ ਚੁਕੀ ਫਿਰਦਾ ਕਿ ਭਿੰਡਰੇਵਾਲੇ ਦਾ ਪੁਤਲਾ ਫੂਕਣਾ ਪਰ ਪਤਾ ਨਹੀ ਕਿਥੋਂ ਇਕੋ ਈ ਕਿਰਪਾਨ ਵਾਲਾ ਨਿਕਲਿਆ, ਕਹੀਂਦਾ ਪਹਿਲੀ ਤੀਲੀ ਲਾਓਣ ਵਾਲਾ ਤਾਂ ਮਾਂ ਨੂੰ ਜੰਮਿਆ ਨਾ ਬਾਕੀਆਂ ਦਾ ਖਾਤਾ ਬਾਅਦ ਖੋਹਲੂੰ ਆਓ ਹੋਵੋ ਅਗੇ। ਸਮੇਤ ਤਿਰਸ਼ੂਲਾਂ ਵਾਹਣੋ ਵਾਹਣੀ ਹੁੰਦੇ ਕੁਲ ਦੁਨੀਆਂ ਨੇ ਦੇਖੇ।

ਐਵੇਂ ਅਤਕਥਨੀਆਂ ਨਹੀ ਹਾਲੇ ਕਲ ਸੌ ਡੇੜ ਸੌ ਬੰਦਾ ਦਿਲੀ ਦੇ ਟੈਂਕਾਂ ਨਾਲ ਭਿੜ ਗਿਆ ਅਤੇ ਹਮਲਾਵਰ ਟਰੱਕ ਲਾਸ਼ਾਂ ਦੇ ਢੋਂਦੇ ਫਿਰਦੇ ਰਹੇ ਦਰਬਾਰ ਸਾਹਬ ਵਿਚੋਂ ਅਤੇ ਫੌਜੀ ਜਰਨੈਲ ਓਨਾ ਦਾ ਮਰੋੜੇ ਲਵਾਈ ਫਿਰਦਾ ਰਿਹਾ ਕਿ ਇਹ ਹੋ ਕੀ ਰਿਹਾ ਫੌਜ ਨਾਲ।

ਯਾਦ ਰਖਣਾ ਪੰਜਾਬ ਸ਼ਾਹ ਸਵਾਰਾਂ ਦਾ ਪਿੜ ਹੈ ਅਤੇ ਰਹੇਗਾ। ਇਨ ਟਿਕ ਕੇ ਨਹੀ ਬੈਠਣਾ ਨਾ ਪਹਿਲੇ ਕਦੇ ਬੈਠਾ। ਕਿ ਬੈਠਾ?

-ਗੁਰਦੇਵ ਸਿੰਘ ਸੱਧੇਵਾਲੀਆ






# ਸਿਹਤ ਸੰਬੰਧੀ



# ਔਰਤਾਂ ਦੇ ਜਣਨ ਅੰਗਾਂ ਸੰਬੰਧੀ ਰੋਗ ਅਤੇ ਹੋਮਿਓਪੈਥੀ

ਔਰਤਾਂ ਦੇ ਜਣਨ ਅੰਗਾਂ ਸੰਬੰਧੀ ਅਨੇਕਾਂ ਰੋਗ ਹਨ ਪਰ ਇੱਥੇ ਸਿਰਫ਼ ਉਨ੍ਹਾਂ ਰੋਗਾਂ ਦਾ ਖੁਲਾਸਾ ਕੀਤਾ ਜਾਵੇਗਾ ਜਿਨ੍ਹਾਂ ਦਾ ਸਾਹਮਣਾ ਔਰਤਾਂ ਨੂੰ ਆਮ ਤੌਰ ’ਤੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ ’ਤੇ ਕਰਨਾ ਪੈਂਦਾ ਹੈ।

1.ਬਾਂਝਪਣ (ਸਟਰਿਲਟੀ) : ਕਿਸੇ ਪ੍ਰਚਲਤ ਗਰਭ-ਨਿਰੋਧਕ ਸਾਧਨ ਅਪਣਾਏ ਬ਼ਗੈਰ ਵੀ ਜੇ ਗਰਭ ਨਾ ਠਹਿਰਦਾ ਹੋਵੇ ਤਾਂ ਬਾਂਝਪਣ ਦੀ ਹਾਲਤ ਹੋ ਸਕਦੀ ਹੈ। ਬਾਂਝਪਣ ਜਣਨ ਅੰਗਾਂ ਵਿੱਚੋਂ ਕਿਸੇ ਖ਼ਰਾਬੀ ਕਾਰਣ ਹੋ ਸਕਦਾ ਹੈ।

ਕਈ ਔਰਤਾਂ ਇੱਕ ਵਾਰੀ ਤਾਂ ਗਰਭ ਧਾਰਨ ਕਰ ਲੈਂਦੀਆਂ ਹਨ ਪਰ ਦੂਜੀ ਵਾਰੀ ਉਹ ਅਜਿਹਾ ਨਹੀਂ ਕਰ ਸਕਦੀਆਂ। ਕਈ ਵਾਰੀ ਬਚਪਨ ਵਿੱਚ ਪ੍ਰੋਟੀਨ ਦੀ ਘਾਟ ਕਾਰਣ ਜਣਨ ਅੰਗਾਂ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ।ਕਈ ਔਰਤਾਂ ਜਿਨ੍ਹਾਂ ਨੂੰ ਅਨਿਯਮਿਤ ਮਾਹਵਾਰੀ ਆਉਂਦੀ ਹੈ, ਉਨ੍ਹਾਂ ਦੀਆਂ ਗ੍ਰੰਥੀਆਂ ਪੂਰੀ ਮਾਤਰਾ ਵਿੱਚ ਹਾਰਮੋਨ ਨਹੀਂ ਬਣਾਉਂਦੀਆਂ ਜਿਸ ਕਾਰਣ ਗਰਭ ਧਾਰਨ ਕਰਨ ਵਿੱਚ ਸਮੱਸਿਆ ਆਉਂਦੀ ਹੈ। ਕਈ ਔਰਤਾਂ ਦੇ ਜਣਨ ਅੰਗਾਂ ਵਿੱਚ ਕੋਈ ਹੋਰ ਖ਼ਰਾਬੀ ਨਹੀਂ ਹੁੰਦੀ ਪਰ ਉਨ੍ਹਾਂ ਦੀ ਓਵਰੀਜ਼ ਵਿੱਚ ਅੰਡਾ ਪਕ ਕੇ ਰੀਲੀਜ਼ ਨਹੀਂ ਹੁੰਦਾ।

ਜੇਕਰ ਅੰਡਾ ਵੀ ਸਮੇਂ ਸਿਰ ਅਤੇ ਪੱਕ ਕੇ ਰੀਲੀਜ਼ ਹੋ ਜਾਵੇ ਅਤੇ ਫ਼ੈਲੋਪੀਅਨ ਟਿਊਬਾਂ ਵਿੱਚ ਕੋਈ ਖ਼ਰਾਬੀ, ਸੋਜਿਸ਼ ਜਾਂ ਰੁਕਾਵਟ ਹੋਵੇ ਤਾਂ ਵੀ “ਓਵਾ” ਅਤੇ “ਸਪਰਮ” ਦਾ ਆਪਸੀ ਮੇਲ ਨਹੀਂ ਹੋ ਸਕਦਾ ਜਿਸ ਕਾਰਣ ਗਰਭ ਠਹਿਰਨਾ ਮੁਸ਼ਕਲ ਹੁੰਦਾ ਹੈ। ਕਈ ਕੇਸਾਂ ਵਿੱਚ ਸੁਜਾਕ (ਗਨ੍ਹੌਰੀਆ) ਰੋਗ ਕਰਕੇ ਵੀ ਗਰਭ ਨਹੀਂ ਠਹਿਰਦਾ। ਜੇਕਰ ਜਣਨ ਅੰਗਾਂ ਵਿੱਚ ਕੋਈ ਵਿਗਾੜ ਜਾਂ ਰੋਗ ਨਾ ਹੋਵੇ ਤਾਂ ਹੋ ਸਕਦਾ ਹੈ ਕਿ ਪਤੀ-ਪਤਨੀ ਦਾ ਮਿਲਾਪ ਉਨ੍ਹਾਂ ਦਿਨਾਂ ਵਿੱਚ ਨਾ ਹੁੰਦਾ ਹੋਵੇ ਜਿਹੜੇ ਸਮੇਂ ਦੌਰਾਨ ਓਵਰੀਜ਼ ਵਿੱਚੋਂ ਅੰਡਾ ਪੱਕ ਕੇ ਨਿਕਲਦਾ ਹੈ।

ਸਿੱਧਾ ਜਿਹਾ ਨਿਯਮ ਹੈ ਕਿ ਪੱਕਿਆ ਹੋਇਆ ਅੰਡਾ ਅਗਲੀ ਮਾਹਵਾਰੀ ਤੋਂ 14 ਦਿਨ ਪਹਿਲਾਂ ਦੋਹਾਂ ਵਿੱਚੋਂ ਕਿਸੇ ਇੱਕ ਫ਼ਿਲੋਪੀਅਨ ਟਿਊਬ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਲਈ ਸੰਤਾਨ ਪ੍ਰਾਪਤੀ ਲਈ ਇਸ ਸਮੇਂ ਦੌਰਾਨ ਦੰਪਤੀ ਦਾ ਮਿਲਾਪ ਜ਼ਰੂਰੀ ਹੁੰਦਾ ਹੈ ਵਰਨਾ ਪੱਕਿਆ ਅੰਡਾ ਵਿਅਰਥ ਚਲਾ ਜਾਂਦਾ ਹੈ। ਸੰਤਨ ਦੀ ਚਿੰਤਾ, ਸੰਤਾਨ ਪਾਉਣ ਦੀ ਵਧੇਰੇ ਚਾਹਨਾ, ਕਈ ਪ੍ਰਕਾਰ ਦੀ ਚਿੰਤਾ ਜਾਂ ਡਰ, ਮਾਨਸਿਕ ਤਣਾਓ, ਮੋਟਾਪਾ, ਖ਼ੂਨ ਦੀ ਕਮੀ ਜਾਂ ਪੁਰਸ਼ ਦੇ ਸ਼ੁਕਰਾਣੂ ਦੀ ਮਾਤਰਾ ਅਤੇ ਗੁਣਵੱਤਾ ਵਿੱਚ ਦੋਸ਼ ਆਦਿ ਵੀ ਬਾਂਝਪਣ ਦੇ ਕਾਰਣ ਬਣ ਸਕਦੇ ਹਨ। ਗਰਭਪਾਤ ਕਰਵਾਉਣ ਨਾਲ ਵੀ ਕਈ ਕੇਸਾਂ ਵਿੱਚ ਬਾਂਝਪਣ ਹੋ ਸਕਦਾ ਹੈ।

ਮਾਹਰ ਡਾਕਟਰ ਦੀ ਸਲਾਹ ਤੋਂ ਬ਼ਗੈਰ ਵਧੇਰੇ ਗਰਭ ਨਿਰੋਧਕ ਗੋ਼ਲੀਆਂ (ਬਰਥ ਕੰਟ੍ਰੋਲ ਪਿੱਲਜ਼) ਦੀ ਵਰਤੋਂ ਵੀ ਸੰਤਾਬ ਉਤਪੱਤੀ ਵਿੱਚ ਅੜਚਣ ਪੈਦਾ ਕਰ ਸਕਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਲੋੜ ਨਾਲੋਂ ਵੱਧ ਗਰਭ ਨਿਰੋਧਕ ਗੋਲੀਆਂ ਖਾਣ ਨਾਲ ਹੋਈ ਸਮੱਸਿਆ ਵਿੱਚ ਹੋਮਿਓਪੈਥਿਕ ਦਵਾਈਆਂ ਨਾਲ ਸਹਾਇਤਾ ਹੋ ਸਕਦੀ ਹੈ। ਸੰਤਾਨ ਦੇ ਚਾਹਵਾਨ ਜੋੜਿਆਂ ਨੂੰ ਆਸਵੰਦ ਹੋ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਚੜ੍ਹਦੀ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਕਲਾ ਵਿੱਚ ਰਹਿਣ ਦਾ ਇਲਾਜ ਦੀ ਅਸਰਦਾਇਕਤਾ ਨਾਲ ਸਿੱਧਾ ਸੰਬੰਧ ਹੈ।

2. ਸੁਭਾਵਕ ਗਰਭਪਾਤ (ਮਿਸਕੈਰੇਜ - ਸਪੌਨਟੇਨੀਅਸ ਅਬੌਰਸ਼ਨ) : ਕਈ ਔਰਤਾਂ ਨੂੰ ਆਪਣੇ ਆਪ ਹੀ ਗਰਭਪਾਤ ਹੋ ਜਾਂਦਾ ਹੈ। ਕਈ ਕੇਸਾਂ ਵਿੱਚ ਅਜਿਹੇ ਗਰਭਪਾਤ ਦਾ ਪਤਾ ਵੀ ਨਹੀਂ ਚਲਦਾ। ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਕਈ ਵਾਰੀ ਜ਼ਿਆਦਾ ਖ਼ੂਨ ਜਾਣ ਨਾਲ ਵੀ ਗਰਭਪਾਤ ਹੋ ਸਕਦਾ ਹੈ। ਸੁਭਾਵਕ ਗਰਭਪਾਤ ਦਾ ਕੋਈ ਇੱਕ ਕਾਰਣ ਨਹੀਂ ਹੁੰਦਾ। ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾ ਕਾਫ਼ੀ ਮਾਤਰਾ ਵਿੱਚ ਤੇਜ਼ ਅਦਰ ਵਾਲੀਆਂ ਦਵਾਈਆਂ ਖਾਣ, ਤੇਜ਼ ਬੁਖ਼ਾਰ, ਪੇਟ ਉੱਪਰ ਸੱਟ ਲੱਗਣ, ਵਾਰ-ਵਾਰ ਐਕਸ-ਰੇਅ ਕਿਰਣਾਂ ਦੇ ਪ੍ਰਭਾਵ ਹੇਠ ਆਉਣਾ, ਗ੍ਰੰਥੀਆਂ ਵਿੱਚ ਵਿਗਾੜ, ਬੱਚੇਦਾਨੀ ਵਿੱਚ ਜਾਂ ਇਸ ਦੇ ਆਸ-ਪਾਸ ਰਸੌਲੀਆਂ ਹੋਣ ਅਤੇ ਯੋਨੀ ਵਿੱਚ ਕਈ ਔਜ਼ਾਰ ਪਾ ਕੇ ਵਾਰ-ਵਾਰ ਪਰੀਖਣ ਕਰਨ ਨਾਲ ਵੀ ਗਰਭਪਾਤ ਹੋ ਸਕਦਾ ਹੈ।

ਮਾਹਰ ਡਾਕਟਰਾਂ ਦੀ ਇਹ ਰਾਇ ਵੀ ਹੈ ਕਿ ਜਿਨ੍ਹਾਂ ਗਰਭਵਤੀ ਔਰਤਾਂ ਨੂੰ ਵੱਧ ਬਲੱਡ ਪ੍ਰੈਸ਼ਰ, ਗੁਰਦਿਆਂ ਦਾ ਕੋਈ ਰੋਗ, ਸ਼ੁਗਰ, ਦਿਲ ਜਾਂ ਫੇਫੜਿਆਂ ਦੀ ਕੋਈ ਸਮੱਸਿਆ - ਜਿਸ ਕਰਕੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਪੂਰੀ ਆਕਸੀਜਨ ਨਾ ਮਿਲਦੀ ਹੋਵੇ - ਦੇ ਕਾਰਣ ਵੀ ਗਰਭਪਾਤ ਹੋ ਸਕਦਾ ਹੈ। ਕਈ ਔਰਤਾਂ ਨੂੰ ਤਿੰਨ-ਚਾਰ ਵਾਰ ਸੁਭਾਵਕ ਗਰਭਪਾਤ ਹੋ ਜਾਂਦਾ ਹੈ। ਅਜਿਹਾ ਹਾਰਮੋਨ ਦੀ ਕਮੀ ਜਾਂ ਅਸਮਾਨਤਾ, ਖ਼ਾਸ ਕਰਕੇ ਥਾਇਰੌਇਡ ਗ੍ਰੰਥੀ ਦੁਆਰਾ ਆਪਣਾ ਕੰਮ ਠੀਕ ਨਾ ਕਰਨ ਕਾਰਣ ਹੁੰਦਾ ਹੈ।

ਬਾਰ-ਬਾਰ ਹੋਣ ਵਾਲੇ ਸੁਭਾਵੀ ਗਰਭਪਾਤ ਦੇ ਕੇਸਾਂ ਵਿੱਚ ਪੀੜਤ ਔਰਤ ਦੇ ਮਨ ਵਿੱਚ ਇੱਕ ਡਰ ਬੈਠ ਜਾਂਦਾ ਹੈ ਕਿ ਇਸ ਵਾਰੀ ਦੀ ਗਰਭ ਧਾਰਣ ਨਾਲ ਵੀ ਮੈਨੂੰ ਉਸ ਤਰ੍ਹਾਂ ਨਾ ਹੋ ਜਾਵੇ। ਕਈਆਂ ਨੂੰ ਬਾਰ-ਬਾਰ ਗਰਭਪਾਤ ਹੋਣ ਨਾਲ ਮਾਨਸਿਕ ਪੱਧਰ ਉੱਤੇ ਕਈ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਦੀ ਅਨਪੜ੍ਹਤਾ ਵਿੱਚੋਂ ਉਪਜੀ ਅਗਿਆਨਤਾ ਵਜੋਂ ਕਈ ਕੇਸਾਂ ਵਿੱਚ ਮਾਹਰ ਸਲਾਹ ਲੈਣ ਦੀ ਥਾਂ ਅਖੌਤੀ ਬਾਬਿਆਂ ਕੋਲ ਜਾ ਕੇ ਪਖੰਡ ਜਾਂ ਝਾੜ-ਫੂੰਕ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੀ ਮੈਡੀਕਲ ਸਮੱਸਿਆ ਮਾਹਰ ਡਾਕਟਰ ਠੀਕ ਕਰਨ ਦੀ ਸਮਰੱਥਾ ਰੱਖਦੇ ਹਨ ਉਸ ਨੂੰ ਇਸ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਅਜਿਹੇ ਕੇਸਾਂ ਤੋਂ ਪੀੜਤਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਸਮਰੱਥ ਪੇਸ਼ਾਵਰ ਸਿਹਤ ਪ੍ਰਦਾਨਕਰਤਾ ਦੀ ਸੇਵਾਵਾਂ ਦਾ ਹੀ ਲਾਭ ਲਿਆ ਜਾਵੇ। ਬਾਰ-ਬਾਰ ਹੋਣ ਵਾਲੇ ਸੁਭਾਵਕ ਗਰਭਪਾਤ ਵਿੱਚ ਹੋਮਿਓਪੈਥਿਕ ਦਵਾਈਆਂ ਰਾਹੀਂ ਮਦਦ ਹੋ ਸਕਦੀ ਹੈ।

ਅਸੀਂ ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇੰਕ. ਵਿਖੇ ਅਸੀਂ ਮਾਨਸਿਕ, ਜਜ਼ਬਾਤੀ ਲੱਛਣਾਂ ਦਾ ਸਰੀਰਕ ਬਿਮਾਰੀ ਨਾਲ ਤਾਲਮੇਲ ਕਰਦੇ ਹੋਏ ਹੋਮਿਓਪੈਥਿਕ ਸਿਧਾਂਤਾਂ ਅਨੁਸਾਰ “ਕਾਂਸਟੀਚਿਊਸ਼ਨਲ ਹੋਮਿਓਪੈਥਿਕ ਦਵਾਈ” ਦੀ ਚੋਣ ਕਰਦੇ ਹਾਂ।

ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇਨਕਾਰਪੋਰੇਸ਼ਨ ਵਿਖੇ ਪੀੜਤ ਔਰਤ ਲਈ ਕਾਂਸਟੀਚਿਊਸ਼ਨਲ ਦਵਾਈ ਦੀ ਚੋਣ ਕਰਦੇ ਹਾਂ।


ਨਸ਼ਿਆਂ ਤੋਂ ਛੁਟਕਾਰਾ ਪਾਉ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।






*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS of RADO WATCHES
ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਆਜ਼ਾਦੀ ਦੇ 75 ਸਾਲ ਅਤੇ 'ਹਿੰਦੂ ਰਾਸ਼ਟਰ' ਵਾਲੀ ਸੋਚ

*ਸਰੋਜ ਸਿੰਘਬੀਬੀਸੀ ਪੱਤਰਕਾਰ

ਪਿਛਲੇ ਕੁਝ ਸਮੇਂ ਵਿੱਚ ਸੱਤਾ ਧਿਰ ਨਾਲ ਜੁੜੇ ਜ਼ਿੰਮੇਵਾਰ ਲੋਕਾਂ ਅਤੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਅਜਿਹੇ ਅਨੇਕ ਬਿਆਨ ਟੀਵੀ ਚੈਨਲਾਂ 'ਤੇ ਦੇਖਣ ਨੂੰ ਮਿਲੇ, ਜਿਨ੍ਹਾਂ ਨੂੰ ਕੁਝ ਸਾਲ ਪਹਿਲਾਂ ਤੱਕ ਲੋਕ ਨਿੱਜੀ ਗੱਲਬਾਤ ਵਿੱਚ ਵੀ ਕਹਿਣ ਤੋਂ ਪਰਹੇਜ਼ ਕਰਦੇ ਸਨ। ਇਨ੍ਹਾਂ ਸਾਰੇ ਬਿਆਨਾਂ ਵਿੱਚ ਮੁਸਲਮਾਨਾਂ ਨੂੰ ਉਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ ਅਤੇ ਧਾਰਮਿਕ ਆਯੋਜਨਾਂ ਲਈ ਨਿਸ਼ਾਨਾ ਬਣਾਇਆ ਗਿਆ। ਇਸ ਵਿੱਚ ਦੰਗਾਕਾਰੀਆਂ ਨੂੰ ਕੱਪੜਿਆਂ ਤੋਂ ਪਛਾਣਨ ਵਾਲਾ ਬਿਆਨ ਹੋਵੇ, ਗੋਲੀ ਮਾਰੋ..., ਹਾਈਵੇਅ 'ਤੇ ਨਮਾਜ਼ ਪੜ੍ਹਨ ਵਾਲਿਆਂ ਦਾ ਜ਼ਿਕਰ ਹੋਵੇ ਜਾਂ ਰਾਸ਼ਨ ਪਹਿਲਾਂ ਅੱਬਾ-ਜਾਨ ਵਾਲੇ ਲੈ ਜਾਂਦੇ ਸਨ... ਅਜਿਹੇ ਬਿਆਨਾਂ ਦੀ ਲੰਬੀ ਸੂਚੀ ਹੈ। ਇਸ ਤਰ੍ਹਾਂ ਦੇ ਬਿਆਨਾਂ ਦੀ ਭਰਮਾਰ ਚੋਣਾਂ ਦੇ ਆਸ-ਪਾਸ ਜ਼ਿਆਦਾ ਹੁੰਦੀ ਹੈ, ਪਰ ਇਨ੍ਹਾਂ ਦੀ ਝੜੀ ਕਦੇ ਬੰਦ ਨਹੀਂ ਹੁੰਦੀ।

### ਹਿੰਦੂ ਮੁਸਲਮਾਨਾਂ ਵਿਚਾਲੇ ਵਧਦੀਆਂ ਤਰੇੜਾਂ

ਭਾਰਤ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਇੱਕ ਤਰੇੜ ਆਜ਼ਾਦੀ ਦੇ ਪਹਿਲਾਂ ਤੋਂ ਰਹੀ ਹੈ ਅਤੇ ਸਮੇਂ-ਸਮੇਂ 'ਤੇ ਦੰਗਿਆਂ ਦੀ ਸ਼ਕਲ ਵਿੱਚ ਦੋਵੇਂ ਭਾਈਚਾਰਿਆਂ ਵਿਚਕਾਰ ਟਕਰਾਅ ਵੀ ਹੁੰਦੇ ਰਹੇ ਹਨ। ਇਹ ਵੀ ਸੱਚ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਕਾਨਪੁਰ-ਮੁੰਬਈ (1992), ਮੇਰਠ (1987), ਰਾਂਚੀ (1967), ਭਾਗਲਪੁਰ (1989) ਅਤੇ ਅਹਿਮਦਾਬਾਦ (2002) ਵਰਗੇ ਭਿਆਨਕ ਦੰਗੇ ਨਹੀਂ ਹੋਏ ਹਨ, 2020 ਦੇ ਦਿੱਲੀ ਦੰਗਿਆਂ ਨੂੰ ਛੱਡ ਕੇ। ਪਰ ਦੋਵੇਂ ਭਾਈਚਾਰਿਆਂ ਵਿਚਕਾਰ ਤਰੇੜ ਪਹਿਲਾਂ ਤੋਂ ਜ਼ਿਆਦਾ ਗਹਿਰੀ ਹੁੰਦੀ ਦਿਖ ਰਹੀ ਹੈ, ਜਿਸ ਦੇ ਪਿੱਛੇ ਰੋਜ਼-ਰੋਜ਼ ਉਛਾਲੇ ਜਾਣ ਵਾਲੇ ਅਜਿਹੇ ਮੁੱਦੇ ਹਨ ਜਿਨ੍ਹਾਂ ਦਾ ਸਿੱਧਾ ਸਬੰਧ ਦੇਸ਼ ਦੇ ਮੁਸਲਮਾਨਾਂ ਨਾਲ ਹੈ। ਇੱਥੇ ਅਸੀਂ ਉਨ੍ਹਾਂ ਮੁੱਦਿਆਂ 'ਤੇ ਨਜ਼ਰ ਮਾਰ ਰਹੇ ਹਾਂ ਜੋ ਦਰਾੜ ਨੂੰ ਭਰਨ ਦੀ ਜਗ੍ਹਾ ਉਸ ਨੂੰ ਹੋਰ ਗਹਿਰਾ ਕਰਦੇ ਜਾ ਰਹੇ ਹਨ। ਅਜਿਹਾ ਨਹੀਂ ਹੈ ਕਿ ਇਹ ਸਾਰੇ ਬਿਆਨ ਕੇਵਲ ਸਿਆਸੀ ਤਬਕੇ ਤੋਂ ਆ ਰਹੇ ਹਨ, ਬਲਕਿ ਸਮਾਜ ਦੇ ਹਰ ਹਿੱਸੇ ਵਿੱਚੋਂ ਆ ਰਹੇ ਹਨ। ਸੋਸ਼ਲ ਮੀਡੀਆ 'ਤੇ, ਪਾਰਟੀਆਂ ਦੇ ਬੁਲਾਰਿਆਂ ਤੋਂ ਲੈ ਕੇ ਵੱਟਸਐਪ ਗਰੁੱਪ ਦੇ ਰਿਸ਼ਤੇਦਾਰਾਂ ਵਿਚਕਾਰ ਹਿੰਦੂ-ਮੁਸਲਮਾਨ ਤਕਰਾਰ ਨਾਲ ਜੁੜੇ ਮੁੱਦਿਆਂ 'ਤੇ ਬਹਿਸ ਅਤੇ ਵਿਵਾਦ ਲਗਾਤਾਰ ਜਾਰੀ ਹੈ। ਕਦੇ ਧਰਮ-ਸੰਸਦ ਦੇ ਨਾਮ 'ਤੇ, ਤਾਂ ਕਦੇ ਭੜਕਾਊ ਭਾਸ਼ਣ ਦੇ ਕੇ, ਕਦੇ ਮਾਸ ਦੀਆਂ ਦੁਕਾਨਾਂ ਨੂੰ ਲੈ ਕੇ, ਕਦੇ ਪਾਰਕ-ਮਾਲ ਵਿੱਚ ਨਮਾਜ਼ ਪੜ੍ਹਨ ਨੂੰ ਲੈ ਕੇ।.. ਤਾਂ ਕਦੇ ਹਿਜਾਬ ਪਹਿਨਣ 'ਤੇ ਹੰਗਾਮਾ ਖੜ੍ਹਾ ਕਰਕੇ, ਤਾਂ ਕਦੇ ਲਾਊਡ ਸਪੀਕਰ ਤੋਂ ਨਿਕਲੀ ਅਜ਼ਾਨ ਦੀ ਆਵਾਜ਼ ਨੂੰ ਮੁੱਦਾ ਬਣਾ ਕੇ ਇਹ ਸਿਲਸਿਲਾ ਕਿਸੇ-ਨਾ-ਕਿਸੇ ਰੂਪ ਵਿੱਚ ਚੱਲਦਾ ਰਿਹਾ ਹੈ। ਜੇਕਰ ਤੁਸੀਂ ਗੌਰ ਕਰੋਗੇ ਤਾਂ ਦੇਖੋਗੇ ਕਿ ਇਨ੍ਹਾਂ ਸਾਰੇ ਹੰਗਾਮਿਆਂ ਦੇ ਪਿੱਛੇ ਜ਼ਿਆਦਾਤਰ ਉਹ ਲੋਕ ਹਨ ਜੋ ਮੰਨਦੇ ਹਨ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ। ਇੱਥੇ ਸਭ ਕੁਝ ਉਨ੍ਹਾਂ ਦੀ ਪਸੰਦ-ਨਾਪਸੰਦ ਦੇ ਹਿਸਾਬ ਨਾਲ ਤੈਅ ਹੋਵੇਗਾ, ਇਹੀ ਉਹ ਲੋਕ ਹਨ, ਜਿਨ੍ਹਾਂ ਨੇ ਕੁਝ ਸਾਲ ਪਹਿਲਾਂ ਨਾਅਰੇ ਦਿੱਤੇ ਸਨ-

'ਭਾਰਤ ਮੇਂ ਰਹਿਨਾ ਹੋਗਾ ਤੋ ਵੰਦੇ ਮਾਤਰਮ ਕਹਿਨਾ ਹੋਗਾ', ਜਾਂ 'ਜੈ ਸ਼੍ਰੀਰਾਮ ਕਹਿਨਾ ਹੋਗਾ', ਅਜਿਹੇ ਨਾਅਰੇ ਰਾਜਸਥਾਨ ਦੇ ਉਦੇਪੁਰ, ਕਰੌਲੀ ਤੋਂ ਲੈ ਕੇ ਕਰਨਾਟਕ ਦੇ ਹੁਬਲੀ ਤੱਕ ਸੁਣਾਈ ਦਿੰਦੇ ਰਹੇ।

ਹੰਗਾਮਾ-ਦਰ-ਹੰਗਾਮਾ, ਇਹ ਜੋ ਸਿਲਸਿਲਾ ਚੱਲ ਰਿਹਾ ਹੈ, ਇਸ ਵਿੱਚ ਜੇਕਰ ਦੋ ਪੱਖ ਹਨ ਤਾਂ ਇੱਕ ਪੱਖ ਉਹ ਤਬਕਾ ਹੈ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਦੇ ਤੌਰ 'ਤੇ ਦੇਖਦਾ ਹੈ, ਦੂਜੇ ਪਾਸੇ, ਦੇਸ਼ ਦੇ ਮੁਸਲਮਾਨ ਨਾਗਰਿਕ ਹਨ। ਯੂਪੀ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਉਸ ਬਿਆਨ ਨੂੰ ਯਾਦ ਕਰੋ ਜਿਸ ਵਿੱਚ ਉਨ੍ਹਾਂ ਨੇ 80 ਪ੍ਰਤੀਸ਼ਤ ਬਨਾਮ 20 ਪ੍ਰਤੀਸ਼ਤ ਦੀ ਲੜਾਈ ਦੀ ਗੱਲ ਕਹੀ ਸੀ। ਹਾਲਾਂਕਿ ਉਨ੍ਹਾਂ ਨੇ ਬਾਅਦ ਵਿੱਚ ਸਫ਼ਾਈ ਦਿੱਤੀ ਸੀ ਕਿ 80 ਅਤੇ 20 ਫੀਸਦ ਤੋਂ ਉਨ੍ਹਾਂ ਦਾ ਮਤਲਬ ਹਿੰਦੂ ਅਤੇ ਮੁਸਲਮਾਨ ਤੋਂ ਨਹੀਂ ਸੀ। ਬਲਕਿ ਉਨ੍ਹਾਂ ਦਾ ਇਸ਼ਾਰਾ ਦੇਸ਼ ਭਗਤ ਅਤੇ ਦੇਸ਼ ਵਿਰੋਧੀ ਤਾਕਤਾਂ ਵੱਲ ਸੀ। ਭਾਵੇਂ ਕਿ ਚੁਣ-ਚੁਣ ਕੇ ਅਜਿਹੇ ਮੁੱਦਿਆਂ ਨੂੰ ਉਛਾਲਿਆ ਗਿਆ ਹੈ। ਜਿਸ ਦਾ ਮਕਸਦ 80 ਫੀਸਦ ਹਿੰਦੂਆਂ ਨੂੰ ਤਾਕਤਵਰ ਹੋਣ ਦਾ ਅਹਿਸਾਸ ਦਿਵਾਉਣਾ ਅਤੇ 20 ਫੀਸਦ ਮੁਸਲਮਾਨਾਂ ਵਿੱਚ ਵੱਖਰੇਪਣ ਜਾਂ ਪਰਾਏਪਣ ਦੀ ਭਾਵਨਾ ਭਰਨਾ ਦਿਖਦਾ ਹੈ।

### ਹਿੰਦੂ ਰਾਸ਼ਟਰ ਤੇ ਆਰਐੱਸਐੱਸ

ਹਿੰਦੂ ਧਰਮ ਨੂੰ ਰਾਜਨੀਤੀ ਦੇ ਕੇਂਦਰ ਵਿੱਚ ਲਿਆਉਣ ਦੀ ਕੋਸ਼ਿਸ਼ ਤਹਿਤ ਵਿਨਾਇਕ ਦਾਮੋਦਰ ਸਾਵਰਕਰ ਨੇ ਹਿੰਦੂਤਵ ਸ਼ਬਦ ਦਾ ਪ੍ਰਯੋਗ ਕੀਤਾ ਸੀ। ਪਹਿਲੀ ਵਾਰ 1923 ਵਿੱਚ ਛਪੀ ਉਨ੍ਹਾਂ ਦੀ ਕਿਤਾਬ 'ਅਸੈਂਸ਼ੀਅਲਜ਼ ਆਫ ਹਿੰਦੂਤਵਾ' ਵਿੱਚ ਦੋ ਰਾਸ਼ਟਰਵਾਦ ਦੀ ਦਲੀਲ ਸਾਹਮਣੇ ਰੱਖ ਗਈ। ਉਨ੍ਹਾਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਹਿੰਦੂ ਅਤੇ ਮੁਸਲਮਾਨ ਬੁਨਿਆਦੀ ਤੌਰ 'ਤੇ ਇੱਕ ਦੂਜੇ ਤੋਂ ਅਲੱਗ ਹਨ। ਸਾਵਰਕਰ ਦਾ ਕਹਿਣਾ ਸੀ ਕਿ ਭਾਰਤ ਹਿੰਦੂਆਂ ਦੀ ਜਨਮ ਭੂਮੀ ਅਤੇ ਪਵਿੱਤਰ ਭੂਮੀ ਹੈ। ਜਦੋਂਕਿ ਮੁਸਲਮਾਨਾਂ ਅਤੇ ਈਸਾਈਆਂ ਦੀ ਪਵਿੱਤਰ ਭੂਮੀ ਭਾਰਤ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਤੀਰਥ ਭਾਰਤ ਤੋਂ ਬਾਹਰ ਹਨ। ਕਈ ਲੋਕ ਇਹ ਵੀ ਮੰਨਦੇ ਹਨ ਕਿ ਹਿੰਦੂਤਵ ਸ਼ਬਦ ਨੂੰ ਸਾਵਰਕਰ ਨੇ ਨਹੀਂ ਘੜਿਆ ਸੀ, ਪਰ ਉਨ੍ਹਾਂ ਨੇ ਇਸ ਦੀ ਵਿਸਥਾਰ ਨਾਲ ਅਤੇ ਨਵੀਂ ਵਿਆਖਿਆ ਕੀਤੀ। ਕਈ ਇਤਿਹਾਸਕਾਰ ਮੰਨਦੇ ਹਨ ਕਿ ਆਰਐੱਸਐੱਸ ਦੇ 'ਹਿੰਦੂ ਰਾਸ਼ਟਰ' ਅਤੇ ਸਾਵਰਕਰ ਦਾ 'ਹਿੰਦੂ ਰਾਸ਼ਟਰ' ਇੱਕ ਨਹੀਂ ਹੈ।

ਇਸ ਦਾ ਵਿਸਥਾਰਤ ਵੇਰਵਾ ਆਰਐੱਸਐੱਸ ਦੇ ਸੰਸਥਾਪਕ ਡਾਕਟਰ ਕੇਸ਼ਵ ਬਲੀਰਾਮ ਹੈੱਡਗੇਵਾਰ ਦੀ ਜੀਵਨੀ ਵਿੱਚ ਮਿਲਦਾ ਹੈ। 1925 ਵਿੱਚ ਦੁਸਹਿਰੇ ਦੇ ਦਿਨ ਰਾਸ਼ਟਰ ਸਵੈਮਸੇਵਕ ਸੰਘ ਦੀ ਸਥਾਪਨਾ ਨਾਗਪੁਰ ਵਿੱਚ ਹੋਈ ਸੀ, ਪਰ ਇਸ ਧਾਰਨਾ 'ਤੇ ਕੰਮ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ। 1925 ਤੋਂ ਤਿੰਨ-ਚਾਰ ਸਾਲ ਪਹਿਲਾਂ ਤੋਂ ਹੀ ਨਾਗਪੁਰ ਦੇ ਵਾਤਾਵਰਨ ਵਿੱਚ ਹਿੰਦੂ-ਮੁਸਲਮਾਨ ਫ਼ਸਾਦ ਆਮ ਸਨ। ਆਰਐੱਸਐੱਸ ਦੀ ਵੈੱਬਸਾਈਟ 'ਤੇ ਮੌਜੂਦ 'ਨਾਗਪੁਰ ਦੰਗਿਆਂ ਦੀ ਕਹਾਣੀ' ਵਿੱਚ ਇਸ ਗੱਲ ਦਾ ਜ਼ਿਕਰ ਮਿਲਦਾ ਹੈ। ਉਸ ਵਿੱਚ ਲਿਖਿਆ ਹੈ, "1924 ਤੋਂ ਨਾਗਪੁਰ ਵਿਚ ਮੁਸਲਮਾਨਾਂ ਦਾ ਆਰਥਿਕ ਬਾਈਕਾਟ ਹੋਣ ਦੇ ਕਾਰਨ ਉਨ੍ਹਾਂ ਦਾ ਪਾਰਾ ਚੜ੍ਹਿਆ ਹੋਇਆ ਸੀ। ਉਨ੍ਹਾਂ ਦੇ ਪੱਖਪਾਤ ਦੀ ਚਿੰਤਾ ਨਾ ਕਰਦੇ ਹੋਏ ਸਤਰੰਜੀਪੁਰਾ, ਹੰਸਾਪੁਰੀ ਅਤੇ ਜੁੰਮਾ ਮਸਜਿਦਾਂ ਦੇ ਸਾਹਮਣੇ ਹਿੰਦੂਆਂ ਦੀਆਂ ਸ਼ੋਭਾ ਯਾਤਰਾਵਾਂ ਬਾਜੇ-ਗਾਜੇ ਨਾਲ ਨਿਕਲਦੀਆਂ ਰਹਿੰਦੀਆਂ ਸਨ।"

ਭਾਰਤ ਵਿੱਚ ਅੱਜ ਜਦੋਂ ਹਨੂਮਾਨ ਜਯੰਤੀ, ਰਾਮਨੌਮੀ 'ਤੇ ਸ਼ੋਭਾ ਯਾਤਰਾਵਾਂ ਵਿੱਚ ਹਿੰਸਾ ਦੀਆਂ ਖ਼ਬਰਾਂ ਆ ਰਹੀਆਂ ਹਨ ਤਾਂ ਸ਼ਾਇਦ ਬਹੁਤ ਸਾਰੇ ਲੋਕਾਂ ਨੂੰ ਪਤਾ ਨਹੀਂ ਹੋਵੇਗਾ ਕਿ ਅਜਿਹੀਆਂ ਸ਼ੋਭਾ ਯਾਤਰਾਵਾਂ ਦੀ ਪਰੰਪਰਾ ਪਿਛਲੀ ਸਦੀ ਤੋਂ ਚੱਲੀ ਆ ਰਹੀ ਹੈ। ਪਹਿਲਾਂ ਵੀ ਇਹ ਸ਼ੋਭਾ ਯਾਤਰਾਵਾਂ ਮਸਜਿਦਾਂ ਦੇ ਇਲਾਕਿਆਂ ਤੋਂ ਕੱਢੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਵਿੱਚ ਲੋਕ ਲਾਠੀ-ਡੰਡੇ ਉਸ ਸਮੇਂ ਤੋਂ ਹੀ ਲੈ ਜਾਂਦੇ ਰਹੇ ਹਨ। ਉਸੀ ਅਰਕਾਈਵ ਵਿੱਚ ਅੱਗੇ ਲਿਖਿਆ ਹੈ, "ਇਸ ਵਜ੍ਹਾ ਨਾਲ ਮੁਸਲਮਾਨਾਂ ਨੇ ਹਿੰਦੂਆਂ ਨੂੰ ਕਈ ਪ੍ਰਕਾਰ ਨਾਲ ਸਤਾਉਣ ਦਾ ਯਤਨ ਸ਼ੁਰੂ ਕਰ ਦਿੱਤਾ।"

"ਇਕੱਲਾ ਕਾਰਾ ਹਿੰਦੂ ਮਿਲ ਜਾਵੇ ਤਾਂ ਉਸ ਨੂੰ ਫੜ ਕੇ ਕੁੱਟਦੇ ਸਨ ਅਤੇ ਹਿੰਦੂ ਮੁਹੱਲਿਆਂ ਤੋਂ ਲੜਕੀਆਂ ਨੂੰ ਭਜਾ ਕੇ ਲੈ ਜਾਂਦੇ ਸਨ। "ਇਸ ਤਰ੍ਹਾਂ ਹੀ ਦੋ ਮੁਸਲਮਾਨਾਂ ਦੇ ਡਰ ਤੋਂ ਭੱਜਣ ਵਾਲੇ ਇੱਕ ਹਿੰਦੂ ਨੂੰ ਰੋਕ ਕੇ ਡਾ. ਹੈੱਡਗੇਵਾਰ ਨੇ ਪੁੱਛਿਆ, "ਕਿਉਂ ਭੱਜ ਰਿਹਾ ਹੈਂ?"

ਉਸ ਨੇ ਸਾਹ ਚੜ੍ਹੇ ਹੋਏ ਉੱਤਰ ਦਿੱਤਾ, "ਦੋ ਮੁਸਲਮਾਨ ਮਾਰਨ ਨੂੰ ਆ ਗਏ, ਇਕੱਲਾ ਸੀ, ਕੀ ਕਰਦਾ? ਭੱਜ ਕੇ ਜਾਨ ਬਚਾਈ। "ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਦੱਸਦੇ ਸਮੇਂ ਡਾ. ਹੈੱਡਗੇਵਾਰ ਕਹਿੰਦੇ ਸਨ ਕਿ ਲੋਕਾਂ ਦੇ ਮਨ ਤੋਂ ਹੀਣ ਭਾਵਨਾ ਅਤੇ ਭੈਅ ਨੂੰ ਕੱਢਿਆ ਜਾਵੇ। ਆਤਮਵਿਸ਼ਵਾਸ ਨਾਲ ਹੀਣਤਾ ਦੂਰ ਕਰਨੀ ਹੈ ਅਤੇ ਹਿੰਦੂਆਂ ਦੇ ਮਨ ਵਿੱਚ 'ਮੈਂ' ਦੇ ਸਥਾਨ 'ਤੇ 'ਅਸੀਂ ਪੈਂਤੀ ਕਰੋੜ' ਦੇ ਰਾਸ਼ਟਰੀ ਸਵੈਮਾਣ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ।

ਸੰਖੇਪ ਵਿੱਚ ਕਹੀਏ ਤਾਂ ਹਿੰਦੂਆਂ ਦੇ ਅੰਦਰ ਦੀ ਇਸ ਕਥਿਤ ਹੀਣ ਭਾਵਨਾ ਨੂੰ ਖਤਮ ਕਰਕੇ 'ਮਾਣ' ਦੇ ਭਾਵ ਨੂੰ ਭਰਨ ਦੀ ਪੂਰੀ ਕਹਾਣੀ ਦਾ ਨਾਮ ਹੀ ਮਿਸ਼ਨ 'ਹਿੰਦੂ ਰਾਸ਼ਟਰ' ਹੈ। ਜਿਸ ਦਾ ਉਦੇਸ਼ ਹਿੰਦੂਆਂ ਨੂੰ ਮੁਸਲਮਾਨਾਂ ਦੇ ਉਲਟ ਤਾਕਤਵਰ ਮਹਿਸੂਸ ਕਰਾਉਣਾ ਹੈ। ਆਰਐੱਸਐੱਸ ਦੇ 'ਹਿੰਦੂ ਰਾਸ਼ਟਰ' ਦਾ ਸਿਧਾਂਤ ਵੀ ਇਹੀ ਹੈ।

### ਮੁਸਲਮਾਨਾਂ ਵਿੱਚ ਡਰ

ਅੱਜ ਭਾਰਤ ਵਿੱਚ ਹਿੰਦੂਆਂ ਦੀ ਆਬਾਦੀ 95 ਕਰੋੜ ਤੋਂ ਜ਼ਿਆਦਾ ਹੈ। ਪਰ ਆਰਐੱਸਐੱਸ ਦੇ ਬਾਨੀ ਹਿੰਦੂਆਂ ਵਿੱਚ ਜਿਸ ਤਰ੍ਹਾਂ ਦੇ ਡਰ ਦੀ ਗੱਲ ਕਰ ਰਹੇ ਸਨ, ਹੁਣ ਕਈ ਮੁਸਲਮਾਨ ਉਸੇ ਤਰ੍ਹਾਂ ਦੇ ਡਰ ਦੀ ਸ਼ਿਕਾਇਤ ਕਰਨ ਲੱਗੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਹ 'ਡਰ' ਭਾਰਤ ਦੇ ਮੁਸਲਮਾਨਾਂ ਵਿੱਚ ਪੈਦਾ ਹੋਇਆ ਹੈ। ਇਸ ਦੇ ਤਰੀਕੇ ਅਲੱਗ ਅਲੱਗ ਰਹੇ ਹਨ। ਵੀਡੀਓ-ਹਿਜਾਬ ਵਿਵਾਦ: 'ਅੱਲਾਹ-ਹੂ-ਅਕਬਰ' ਦੇ ਨਾਅਰੇ ਲਗਾਉਣ ਵਾਲੀ ਕੁੜੀ ਨੂੰ ਮਿਲੋ। ਇਸ ਡਰ ਦਾ ਜ਼ਿਕਰ ਕਰਨਾਟਕ ਵਿੱਚ ਹਿਜਾਬ ਵਿਵਾਦ ਤੋਂ ਚਰਚਾ ਵਿੱਚ ਆਈ ਮੁਸਕਾਨ ਨੇ ਵੀ ਬੀਬੀਸੀ ਨਾਲ ਗੱਲਬਾਤ ਵਿੱਚ ਕੀਤਾ ਸੀ। ਮੁਸਕਾਨ ਨੇ ਉਦੋਂ ਕਿਹਾ, "ਮੈਂ ਹਿਜਾਬ ਵਿੱਚ ਕਾਲਜ ਗਈ ਤਾਂ ਮੈਨੂੰ ਹਿਜਾਬ ਹਟਾਉਣ ਲਈ ਕਿਹਾ ਗਿਆ। ਮੈਨੂੰ ਡਰਾ ਰਹੇ ਸਨ, ਉਹ ਲੋਕ। ਮੇਰੇ ਤੋਂ ਪਹਿਲਾਂ ਚਾਰ ਲੜਕੀਆਂ ਨੂੰ ਤਾਂ ਲੌਕ ਹੀ ਕਰ ਦਿੱਤਾ ਸੀ। ਮੈਂ ਜਦ ਡਰਦੀ ਹਾਂ ਤਾਂ ਅੱਲ੍ਹਾ ਦਾ ਨਾਮ ਲੈਂਦੀ ਹਾਂ।"ਅਜਿਹਾ ਹੀ ਡਰ ਦਿੱਲੀ ਦੇ

(ਬਾਕੀ ਸਫਾ ਬੀ28 ਤੇ)


ੴ ਵਾਹਿਗੁਰੂ ਜੀ ਕੀ ਫਤਹਿ॥ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ "RECOGNIZE ALL HUMAN RACE AS ONE" -GURU GOBIND SINGH JI

Khalsa Diwan Society

GURDWARA SAHIB SUKH SAGAR (EST. 1906)

**Membership Registration Times 2022**

| Date | Day Time | Evening Time |
|---|---|---|
| September 11th, 2022 Sunday | 12 - 2 p.m. | None |
| September 17th, 2022 Saturday | 6 - 8 p.m. | None |
| September 18th, 2022 Sunday | 12 - 2 p.m. | None |
| September 24th, 2022 Saturday | 12 - 2 p.m. | 6 - 8 p.m. |
| September 25th, 2022 Sunday | 12 - 2 p.m. | 6 - 8 p.m. |
| September 28th, 2022 Wednesday | 12 - 2 p.m. | 6 - 8 p.m. |
| September 29th, 2022 Thursday | 12 - 2 p.m. | 6 - 8 p.m. |
| September 30th, 2022 Friday | 12 - 2 p.m. | 6 - 8 p.m. |

* All the above started times may be changed accordingly.

**Please Note :**

***If you are Currently a member of the Society and the term of your membership expires on September 30, 2025. You do not need to apply for membership or to renew your membership in 2022.**

info@sukhsagar.ca
www.sukhsagar.ca
/gurdwarasahibsukhsagar

347 Wood Street,
New Westminster, BC
Canada V3M 5K6

MAIN 604.521.3111
OFFICE 604.537.8300
FAX 604.521.4936

# ਹਸਗੁੱਲੇ

ਪੱਪੂ ਇਲੈਕਸ਼ਨ ਵਿੱਚ ਖੜ੍ਹਾ ਹੋਇਆ, ਉਸ ਨੂੰ ਸਿਰਫ ਤਿੰਨ ਵੋਟ ਮਿਲੇ।
ਉਸ ਨੇ ਪੁਲਸ ਤੋਂ ਜ਼ੈੱਡ ਸਕਿਓਰਿਟੀ ਮੰਗੀ।
ਪੁਲਸ, ''ਸਕਿਓਰਿਟੀ ਕਿਉਂ ਚਾਹੀਦੀ ਹੈ?''
ਪੱਪੂ, ''ਜਿਸ ਸ਼ਹਿਰ ਵਿੱਚ ਇੰਨੇ ਲੋਕ ਮੇਰੇ ਖਿਲਾਫ ਹਨ, ਉੱਥੇ ਮੈਨੂੰ ਸੁਰੱਖਿਆ ਮਿਲਣੀ ਹੀ ਚਾਹੀਦੀ ਹੈ।''

********

ਗੋਲੂ, ''ਜਾਨੂ, ਤੂੰ ਦਿਨ-ਬ-ਦਿਨ ਖੂਬਸੂਰਤ ਹੁੰਦੀ ਜਾ ਰਹੀ ਹੈਂ...''
ਪਤਨੀ (ਖੁਸ਼ ਹੋ ਕੇ), ''ਤੈਨੂੰ ਕਿਸ ਤਰ੍ਹਾਂ ਪਤਾ ਲੱਗਾ?''
ਗੋਲੂ, ''ਤੈਨੂੰ ਵੇਖ ਕੇ ਰੋਟੀਆਂ ਵੀ ਸੜਨ ਲੱਗ ਪਈਆਂ ਹਨ।''

********

ਸੰਜੀਵ (ਰਾਜੂ ਨੂੰ), ''ਫਲ ਛਿਲਕੇ ਸਮੇਤ ਖਾਣੇ ਚਾਹੀਦੇ ਹਨ, ਕਿਉਂਕਿ ਛਿਲਕਿਆਂ ਵਿੱਚ ਵੀ ਪੌਸ਼ਟਿਕ ਤੱਤ ਹੁੰਦੇ ਹਨ। ਉਂਝ ਤੁਹਾਡਾ ਮਨਪਸੰਦ ਫਲ ਕਿਹੜਾ ਹੈ?''
ਰਾਜੂ, ''ਨਾਰੀਅਲ।''

********

ਕਮਲ ਨੇ ਆਪਣੇ ਦੋਸਤ ਨੂੰ ਕਿਹਾ, ''ਯਾਰ! ਅੱਜ ਮੇਰੇ ਨਾਲ ਅਜੀਬ ਹਾਦਸਾ ਹੋਇਆ। ਮੈਂ ਬਾਜ਼ਾਰ ਸਬਜ਼ੀ ਖਰੀਦਣ ਗਿਆ।
ਮੈਂ ਸਬਜ਼ੀ ਵਾਲੇ ਤੋਂ ਭਾਅ ਪੁੱਛਿਆ ਤਾਂ ਉਹ ਬੋਲਿਆ: ਪਹਿਲਾਂ ਪੰਜ ਰੁਪਏ ਦਿਓ, ਫਿਰ ਦੱਸਾਂਗਾ। ਵਾਪਸੀ ਉੱਤੇ ਮੈਂ ਰਸਤਾ ਭੁੱਲ ਗਿਆ ਅਤੇ ਕਿਸੇ ਰਾਹਗੀਰ ਤੋਂ ਪੁੱਛਿਆ ਤਾਂ ਉਹ ਵੀ ਬੋਲਿਆ ਕਿ ਪਹਿਲਾਂ ਪੰਜ ਰੁਪਏ ਦਿਓ, ਫਿਰ ਦੱਸਾਂਗਾ।''

********

ਮਰੀਜ਼ (ਡਾਕਟਰ ਨੂੰ), ''ਡਾਕਟਰ ਸਾਹਿਬ ਮੈਨੂੰ ਦਮੇ ਦੀ ਬਿਮਾਰੀ ਹੈ, ਇਸ ਤੋਂ ਮੈਂ ਬਹੁਤ ਪ੍ਰੇਸ਼ਾਨ ਹਾਂ।''
ਡਾਕਟਰ, ''ਕੋਈ ਗੱਲ ਨਹੀਂ, ਮੈਂ ਤੇਰੇ ਦਮ ਰੋਕ ਦਿੰਦਾ ਹਾਂ।''

********

ਡਾਕਟਰ (ਮਰੀਜ਼ ਨੂੰ), ''ਹੁਣ ਤੂੰ ਬਿਲਕੁਲ ਠੀਕ ਹੋ ਗਿਆ ਏਂ, ਫਿਰ ਵੀ ਕਿਉਂ ਡਰ ਰਿਹਾ ਏਂ?''
ਵਿਕਰਮ, ''ਜਿਸ ਕਾਰ ਨਾਲ ਮੇਰਾ ਐਕਸੀਡੈਂਟ ਹੋਇਆ ਸੀ, ਉਸ 'ਤੇ ਲਿਖਿਆ ਸੀ; ਫਿਰ ਮਿਲਾਂਗੇ।''

***********

ਪਤਨੀ (ਪਤੀ ਨੂੰ), ''ਜੇ ਮੈਂ ਗੁਆਚ ਗਈ ਤਾਂ ਤੁਸੀਂ ਕੀ ਕਰੋਗੇ?''
ਪਤੀ, ''ਬਾਬੇ ਕੋਲ ਜਾਵਾਂਗਾ।''
ਪਤਨੀ, ''ਕਿੰਨੇ ਚੰਗੇ ਹੋ ਤੁਸੀਂ, ਅੱਛਾ ਉਥੇ ਜਾ ਕੇ ਕੀ ਕਹੋਗੇ?''
ਪਤੀ, ''ਕਹਾਂਗਾ; ਬਾਬਾ ਤੁਹਾਡੀ ਕਿਰਪਾ ਆਉਣੀ ਸ਼ੁਰੂ ਹੋ ਗਈ ਹੈ।''

***********

ਸ਼ੀਲਾ (ਸਹੇਲੀ ਮੀਨਾ ਨੂੰ), 'ਮੇਰੇ ਪਤੀ ਬਹੁਤ ਸਿੱਧੇ ਹਨ। ਮੇਰੇ ਇਲਾਵਾ ਕਿਸੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।'
ਮੀਨਾ, ''ਮੇਰੇ ਪਤੀ ਤੇਰੇ ਪਤੀ ਤੋਂ ਚਾਰ ਕਦਮ ਅੱਗੇ ਹਨ। ਪਰਾਈ ਔਰਤ ਤਾਂ ਕੀ, ਉਹ ਮੇਰੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।''

***********

ਵਿਅਕਤੀ (ਸੁੰਦਰ ਨਰਸ ਨੂੰ), ''ਮੈਂ ਤੁਹਾਨੂੰ ਪਹਿਲਾਂ ਕਿਤੇ ਦੇਖਿਆ ਹੈ ਤੇ ਤੁਹਾਡੇ ਨਾਲ ਘੁਲ ਮਿਲ ਕੇ ਗੱਲਾਂ ਵੀ ਕੀਤੀਆਂ ਹਨ, ਪਰ ਯਾਦ ਨਹੀਂ ਆ ਰਿਹਾ ਕਿ ਕਿਥੇ ਦੇਖਿਆ ਹੈ।''
ਨਰਸ, ''ਤੁਸੀਂ ਮੈਨੂੰ ਜ਼ਰੂਰ ਦੇਖਿਆ ਹੋਵੇਗਾ ਤੇ ਗੱਲਾਂ ਵੀ ਕੀਤੀਆਂ ਹੋਣਗੀਆਂ। ਇਸ ਤੋਂ ਪਹਿਲਾਂ ਮੈਂ ਪਾਗਲਾਂ ਦੇ ਹਸਪਤਾਲ ਵਿੱਚ ਨਰਸ ਸੀ, ਹੁਣੇ-ਹੁਣੇ ਮੇਰਾ ਤਬਾਦਲਾ ਹੋਇਆ ਹੈ।''

***********

ਇੱਕ ਵਾਰ ਇੱਕ ਪਿਤਾ ਨੇ ਆਪਣੇ ਪੁੱਤਰ ਨੂੰ ਸਮਝਾਉਂਦਿਆਂ ਕਿਹਾ ''ਦੇਖੋ ਬੇਟਾ, ਜਿੰਨੀਆਂ ਵੀ ਤੂੰ ਸ਼ਰਾਰਤਾਂ ਕਰੇਂਗਾ ਜਾਂ ਜਿੰਨੇ ਵੀ ਉਲਾਹਮੇਂ ਤੇਰੇ ਆਉਣਗੇ, ਓਨੇ ਹੀ ਮੇਰੀ ਦਾੜ੍ਹੀ ਦੇ ਵਾਲ ਚਿੱਟੇ ਹੋ ਜਾਣਗੇ। ਇਹ ਦੇਖ ਲੈ ਹੁਣ ਮੇਰੀ ਦਾੜ੍ਹੀ ਤੇਰੇ ਹੱਥ ਹੈ।
ਅੱਗਿਓਂ ਪੁੱਤਰ ਨੇ ਹਾਜ਼ਰ ਜਵਾਬੀ ਪੇਸ਼ ਕਰਦਿਆਂ ਕਿਹਾ'' ਪਿਤਾ ਜੀ, ਫਿਰ ਤੁਸੀਂ ਤਾਂ ਬਹੁਤ ਸ਼ਰਾਰਤੀ ਹੋਵੋਗੇ, ਤੁਹਾਡੇ ਤਾਂ ਛੋਟੇ ਹੁੰਦਿਆਂ ਰੋਜ਼ ਹੀ ਉਲਾਹਮੇਂ ਆਉਂਦੇ ਹੋਣਗੇ।
ਪਿਤਾ ਨੇ ਪੁੱਛਿਆ ''ਉਹ ਕਿਵੇਂ?''
ਅੱਗੋਂ ਪੁੱਤਰ ਨੇ ਜਵਾਬ ਦਿੱਤਾ, ''ਕਿਉਂਕਿ ਦਾਦਾ ਜੀ ਦੀ ਤਾਂ ਸਾਰੀ ਹੀ ਦਾੜ੍ਹੀ ਚਿੱਟੀ ਹੈ।''

***********

ਸ਼ੀਲਾ (ਮਨੋਜ ਨੂੰ), ''ਅੱਜ ਤੋਂ ਬਾਅਦ ਮੈਂ ਤੇਰੇ ਨਾਲ ਗੱਲ ਨਹੀਂ ਕਰਾਂਗੀ।''
ਮਨੋਜ, ''ਕਿਉਂ, ਕੀ ਤੂੰ ਗੂੰਗੀ ਹੋਣ ਵਾਲੀ ਏਂ?''
ਸ਼ੀਲਾ, ''ਨਹੀਂ, ਤੈਨੂੰ ਬੋਲਾ ਕਰਨ ਵਾਲੀ ਹਾਂ।''

***********

## ਬੁਰਜ-ਖਲੀਫਾ

ਪਿੰਡ ਦੀ ਪੰਚਾਇਤ ਵੱਲੋਂ ਮਿੱਥੇ ਹੋਏ ਸਮੇਂ ਤੇ ਗਿੰਦਰ ਅਮਲੀ ਬਖਤੌਰ ਸਿੰਘ ਨਾਲ਼ ਪੱਠੇ ਵਢਾਓਣ ਚਲਿਆ ਗਿਆ।
ਦੋ ਮੀਟਰ ਦੀ ਦੂਰੀ ਦੇ ਰੂਲ ਕਰਕੇ ਗਿੰਦਰ ਰੇੜ੍ਹੇ ਤੇ ਜਮ੍ਹਾਂ ਪਿੱਛੇ ਬਖਤੌਰ ਸਿੰਘ ਤੋਂ ਉਲਟੇ ਪਾਸੇ ਬੈਠਾ ਸੀ।
ਗਿੰਦਰ ਅਮਲੀ ਖਾਸਾ ਚਿਰ ਅੱਖਾਂ ਤੇ ਹੱਥ ਨਾਲ਼ ਟੋਪੀ ਜਿਹੀ ਬਣਾ ਕੇ ਵੇਂਹਦਾ ਰਿਹਾ ਤੇ ਲਮਕਾ ਕੇ ਜੇਹ ਬੋਲਿਆ, " ਦੇਖਲਾ... ਚਾਚਾ ਵਾਗਰੂ ਦੇ ਰੰਗ ਕੁਜਰਤ ਮੌਲਣ ਲੱਗਪੀ , ਜਿਵੇਂ ਚਾਲ਼ੀ ਪੰਜਾਹ ਸਾਲ ਪਹਿਲਾਂ ਸੀ "
"ਉਹ ਕਿਵੇਂ? " ਬਖਤੌਰ ਸਿੰਘ ਨੇ ਪੁੱਛਿਆ।ਤਹਾਂ ਆਲ਼ੇ ਬੁੱਲ ਚੋਂ ਜੀਭ ਨਾਲ਼ ਹੂੰਝ ਕੇ ਜ਼ਰਦੇ ਦਾ ਬਰੱਸਟ ਹੇਠਾਂ ਥੁੱਕਦਿਆਂ ਗਿੰਦਰ ਅਮਲੀ ਬੋਲਿਆ "ਦੇਖਲਾ ਚਾਚਾ ਚਾਰ ਕਰਮਾਂ ਤੇ ਨੀ ਸੀ ਦੀਂਹਦਾ ਹੁੰਦਾ ਬਈ ਕੌਣ ਆਂਓਦਾ ਤੇ ਹੁਣ ਮੈਂ ਕਦੋਂ ਦਾ ਦੇਖੀ ਜਾਨਾਂ ਬੀ ਐਨਾ ਸਮਾਨ ਸਾਫ ਐ, ਤੂੰ ਲਾਅਲਾ ਸਾਅਬ ਬੀ ਚੜ੍ਹਦੇ ਵੰਨੀ ਬੁਰਜ ਖਲੀਫਾ ਦਿਸਣ ਲਾਗਿਆ।
ਬਖਤੌਰ ਸਿੰਘ ਨੇ ਪਿੱਛੇ ਨੂੰ ਮੁੜ ਕੇ ਧਿਆਨ ਨਾਲ਼ ਦੇਖਿਆ ਤੇ ਵੱਛੇ ਦਾ ਰੱਸਾ ਖਿੱਚ ਕੇ ਰੇੜ੍ਹਾ ਰੋਕ ਲਿਆ ਤੇ ਉੱਤਰ ਕੇ ਪਿੱਛੇ ਗਿੰਦਰ ਅਮਲੀ ਦੇ ਸਾਹਮਣੇ ਖਲੋਕੇ ਬੋਲਿਆ, "ਗਿੰਦਰਾ ਤੈਨੂੰ ਕਿੰਨੀ ਵਾਰ ਕਿਹੈ ਬੀ ਨਾ ਆਹ ਨਿੱਕ ਸੁੱਕ ਨੂੰ ਮੂੰਹ ਮਾਰਿਆ ਕਰ , ਦਿਮਾਗ ਥਹੁ ਟਿਕਾਣੇ ਨੀ ਰਹਿੰਦਾ ਫੇਰ ਤੇਰਾ "ਸਵਾਲੀਆ ਤਿਊੜੀਆਂ ਮੱਥੇ ਤੇ ਪਾ ਗਿੰਦਰ ਅਮਲੀ ਨੇ ਪੁੱਛਿਆ " ਕਿਓਂ ਚਾਚਾ " ਗਿੰਦਰ ਨੂੰ ਕੰਨੋਂ ਫੜ੍ਹ ਉਹਦਾ ਮੂੰਹ ਚੜ੍ਹਦੇ ਵੰਨੀ ਕਰ ਬਖਤੌਰ ਸਿੰਘ ਤ਼ਲਖੀ ਚ ਗਰਜਿਆ, "ਭੈਣ ਦਿਆ", ਤੇਰਾ ਲਗਦਾ ਬੁਰਜ ਖਲੀਫਾ ਨੀਂ ..ਡਾਂਗੋਂ ਆਲ਼ਾ ਭੱਠਾ ਆ ਮੇਰੇ ਸਾਲ਼ੇ ਦਾ"।

*********

ਡਾਕਟਰ, ''ਐਨਕ ਕਿਸ ਦੇ ਲਈ ਬਣਵਾਉਣੀ ਹੈ?'' ਬੰਟੀ, ''ਟੀਚਰ ਲਈ।'' ਡਾਕਟਰ, ''...ਪਰ ਕਿਉਂ?'' ਬੰਟੀ, ''ਕਿਉਂਕਿ ਮੈਂ ਉਨ੍ਹਾਂ ਨੂੰ ਹਮੇਸ਼ਾ ਗਧਾ ਨਜ਼ਰ ਆਉਂਦਾ ਹਾਂ।''

*********

ਟੀਚਰ ਰਾਜੂ ਦਾ ਲੰਚ ਖਾ ਗਿਆ ਅਤੇ ਪੁੱਛਣ ਲੱਗਾ, ''ਬੇਟਾ, ਘਰ ਜਾ ਕੇ ਇਹ ਤਾਂ ਨਹੀਂ ਦੱਸ ਦੇਵੇਂਗਾ ਕਿ ਮੈਂ ਲੰਚ ਖਾ ਲਿਆ?'' ਰਾਜੂ, ''ਨਹੀਂ ਸਰ, ਕਹਿ ਦੇਵਾਂਗਾ ਕਿ ਕੁੱਤਾ ਖਾ ਗਿਆ।''

*********

ਪਿਤਾ (ਸਨੀ ਨੂੰ), ''ਬੇਟੇ, ਤੂੰ ਵੱਡਾ ਹੋ ਕੇ ਕੀ ਬਣਨਾ ਚਾਹੁੰਦਾ ਏਂ।'' ਪੁੱਤਰ, ''ਟੀਚਰ।''
ਪਿਤਾ, ''...ਪਰ ਟੀਚਰ ਬਣਨ ਲਈ ਤਾਂ ਪੜ੍ਹਨਾ-ਲਿਖਣਾ ਪੈਂਦਾ ਹੈ।'' ਪੁੱਤਰ, ''ਨਹੀਂ ਪਿਤਾ ਜੀ, ਸਕੂਲ ਵਿੱਚ ਅਧਿਆਪਕ ਬੱਸ ਸਵਾਲ ਹੀ ਪੁੱਛਦੇ ਨੇ, ਪੜ੍ਹਨਾ ਤਾਂ ਵਿਦਿਆਰਥੀਆਂ ਨੂੰ ਪੈਂਦਾ ਹੈ।''

*********

ਮੁੰਡਾ (ਕੁੜੀ ਦੇ ਪਿਓ ਨੂੰ), ''ਮੈਂ ਤੁਹਾਡੀ ਕੁੜੀ ਦਾ ਹੱਥ ਮੰਗਣਾ ਚਾਹੁੰਦਾ ਹਾਂ।''ਪਿਤਾ, ''ਬੇਵਕੂਫ, ਕੀ ਮੈਂ ਕੁੜੀਆਂ ਦੇ ਸਪੇਅਰ ਪਾਰਟਸ ਵੇਚਦਾ ਹਾਂ?''

*********

ਪ੍ਰੀਖਿਆ ਦਾ ਨਤੀਜਾ ਆਇਆ ਤੇ ਪੱਪੂ ਦੀ ਗਰਲ ਫ੍ਰੈਂਡ ਉਸ ਕੋਲ ਆ ਕੇ ਜ਼ੋਰ-ਜ਼ੋਰ ਨਾਲ ਰੋਣ ਲੱਗੀ।
ਪੱਪੂ ਬੋਲਿਆ, ''ਅੱਛਾ ਹੁਣ ਰੋ ਨਾ, ਇਹ ਤਾਂ ਦੱਸ ਕਿੰਨੇ ਫੀਸਦੀ ਨੰਬਰ ਆਏ ਹਨ?''
ਗਰਲਫ੍ਰੈਂਡ, ''90 ਫੀਸਦੀ।'' ਪੱਪੂ, ''ਰੱਬ ਤੋਂ ਡਰ ਕਮਬਖਤ, ਇੰਨੇ ਵਿੱਚ ਤਾਂ ਦੋ ਮੁੰਡੇ ਪਾਸ ਹੋ ਜਾਂਦੇ।''

*********

ਰਵੀ'' ਮੈਨੂੰ ਹੈਰਾਨੀ ਹੈ ਕਿ ਜ਼ਿਆਦਾਤਰ ਔਰਤਾਂ ਆਪਣੇ ਰੂਪ 'ਤੇ ਧਿਆਨ ਦਿੰਦੀਆਂ ਹਨ?''




ਰਿਸ਼ੀ, ''ਕਿਉਂਕਿ ਉਹ ਜਾਣਦੀਆਂ ਹਨ ਕਿ ਮਰਦ ਬੇਵਕੂਫ ਭਾਵੇਂ ਹੋਣ, ਪਰ ਅੱਖਾਂ ਖੁੱਲ੍ਹੀਆਂ ਰੱਖਦੇ ਹਨ।''

*********

ਇਕ ਦੋਸਤ (ਦੂਜੇ ਨੂੰ), ''ਪਤਨੀ ਦੇ ਪਿਤਾ ਨੂੰ ਸਹੁਰਾ ਸਾਹਿਬ ਕਹਿੰਦੇ ਹਨ ਤਾਂ ਗਰਲ ਫ੍ਰੈਂਡ ਦੇ ਪਿਤਾ ਨੂੰ ਅਸੀਂ ਕੀ ਕਹਾਂਗੇ? ਬਹੁਤ ਦੇਰ ਸੋਚ ਵਿਚਾਰ ਕਰਨ ਤੋਂ ਬਾਅਦ ਦੋਸਤ ਬੋਲਿਆ, ਜੇ ਵਿਆਹ ਲਈ 'ਹਾਂ' ਕਰ ਦਿੱਤੀ, 'ਸਸੁਰ', ਪਰ ਜੇ 'ਨਾਂਹ' ਕਰ ਦਿੱਤੀ ਤਾਂ 'ਅਸੁਰ' ਕਹਾਂਗੇ।ਪਰ ਜੇ 'ਨਾਂਹ' ਕਰ ਦਿੱਤੀ ਤਾਂ 'ਅਸੁਰ' ਕਹਾਂਗੇ।''





# ਨਫ਼ਰਤੀ ਮੁਹਿੰਮ ਫਿਰ ਤੇਜ਼

2024 ਦੀਆਂ ਲੋਕ ਸਭਾ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਭਾਜਪਾ ਨੇ ਆਪਣੀ ਵੰਡਪਾਊ ਨੀਤੀ ਨੂੰ ਤੇਜ਼ ਕਰਨ ਲਈ ਆਪਣੇ ਨਫ਼ਰਤੀ ਹਥਿਆਰਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਭਾਜਪਾ ਜਾਣਦੀ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਉਸ ਨੇ ਪਾਕਿਸਤਾਨ ਵਿਰੁੱਧ ਕੀਤੀ ਗਈ ਏਅਰ ਸਟ੍ਰਾਈਕ ਦੇ ਰਾਸ਼ਟਰਵਾਦੀ ਘੋੜੇ ’ਤੇ ਸਵਾਰ ਹੋ ਕੇ ਜਿੱਤੀਆਂ ਸਨ। ਮੌਜੂਦਾ ਸਥਿਤੀ ਵਿੱਚ ਰਾਸ਼ਟਰਵਾਦੀ ਘੋੜਾ ਹੰਭ ਚੁੱਕਾ ਹੈ। ਇਸ ਤੋਂ ਬਿਨਾਂ ਆਪਣੇ 8 ਸਾਲਾ ਰਾਜ ਵਿੱਚ ਭਾਜਪਾ ਸਰਕਾਰ ਕੋਲ ਅਜਿਹੀ ਕੋਈ ਪ੍ਰਾਪਤੀ ਨਹੀਂ, ਜਿਸ ਨੂੰ ਪ੍ਰਚਾਰ ਕੇ ਉਹ ਲੋਕ ਕਚਹਿਰੀ ਵਿੱਚ ਜਾ ਸਕੇ। ਦੇਸ਼ ਦੀ ਅਰਥ-ਵਿਵਸਥਾ ਨਿਘਰਦੀ ਹੋਈ ਪਤਾਲ ਛੂਹ ਰਹੀ ਹੈ, ਬੇਰੁਜ਼ਗਾਰੀ ਰਿਕਾਰਡ ਤੋੜ ਰਹੀ ਹੈ, ਮੱਧਵਰਗ ਗਰੀਬੀ ਰੇਖਾ ਵੱਲ ਖਿਸਕ ਰਿਹਾ ਹੈ ਤੇ ਮਹਿੰਗਾਈ ਤੇ ਟੈਕਸਾਂ ਦੀ ਮਾਰ ਨੇ ਹਰ ਕਿਰਤ ਕਰਨ ਵਾਲੇ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਅਜਿਹੀ ਸਥਿਤੀ ਵਿੱਚ ਭਾਜਪਾ ਨੂੰ ਜੇਕਰ ਕਿਸੇ ਗੱਲ ਦਾ ਸਹਾਰਾ ਹੈ ਤਾਂ ਉਹ ਹਿੰਦੂ ਬਨਾਮ ਮੁਸਲਮਾਨ ਵਾਲੀ ਨਫ਼ਰਤੀ ਨੀਤੀ ਦਾ ਹੀ ਹੈ।

ਦਿੱਲੀ ਦੀ ਭਾਜਪਾ ਬੁਲਾਰੀ ਨੂਪੁਰ ਸ਼ਰਮਾ ਦੀ ਪੈਗੰਬਰ ਮੁਹੰਮਦ ਬਾਰੇ ਗੈਰ-ਮਰਿਆਦਾ ਵਾਲੀ ਟਿੱਪਣੀ ਤੋਂ ਸ਼ੁਰੂ ਹੋਇਆ ਨਫ਼ਰਤੀ ਬਿਆਨਾਂ ਦਾ ਇਹ ਸਿਲਸਲਾ ਲਗਾਤਾਰ ਤੇਜ਼ ਹੁੰਦਾ ਜਾ ਰਿਹਾ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸੇ ਸਾਲ ਗੁਜਰਾਤ ਤੇ ਹਿਮਾਚਲ ਦੀਆਂ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ। ਮੋਦੀ-ਸ਼ਾਹ ਗੁਜਰਾਤ ਹਾਰ ਜਾਂਦੇ ਹਨ ਤਾਂ ਇਹ ਉਨ੍ਹਾਂ ਦੇ ਸਿਆਸੀ ਨਿਘਾਰ ਦੀ ਸ਼ੁਰੂਆਤ ਹੋਵੇਗੀ। ਇਸ ਲਈ ਹਰ ਹੱਥਕੰਡਾ ਵਰਤਣ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਹਨ। ਪਿਛਲੇ ਦਿਨੀਂ ਜਿਸ ਤਰ੍ਹਾਂ ਬਿਲਕਿਸ ਬਾਨੋ ਦੇ ‘ਬਲਾਤਕਾਰੀਆਂ’ ਨੂੰ ਜੇਲ੍ਹ ਤੋਂ ਰਿਹਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ, ਇਸ ਪਿੱਛੇ ਗੁੰਡਾ ਭਗਤਾਂ ਲਈ ਇੱਕ ਸਪੱਸ਼ਟ ਸੰਦੇਸ਼ ਸੀ ਕਿ ਮੁਸਲਮਾਨ ਔਰਤਾਂ ਦੀ ਪੱਤ ਨਾਲ ਖੇਡਣ ਦੀ ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਹੈ। ਯਾਦ ਕਰੋ, ਜਦੋਂ ਦਾਦਰੀ ਵਿੱਚ ਅਖਲਾਕ ਮੁਹੰਮਦ ਨੂੰ ਹਿੰਦੂਤਵੀ ਭੀੜ ਨੇ ਗਾਂ ਦਾ ਮਾਸ ਰੱਖਣ ਦੇ ਝੂਠੇ ਦੋਸ਼ ਵਿੱਚ ਕਤਲ ਕਰ ਦਿੱਤਾ ਸੀ ਤਾਂ ਇਹ ਭੀੜਤੰਤਰੀ ਹੱਤਿਆਵਾਂ ਲਈ ਇੱਕ ਸੁਨੇਹਾ ਸੀ। ਉਸ ਤੋਂ ਬਾਅਦ ਸਾਰੇ ਦੇਸ਼ ਵਿੱਚ ਅਨੇਕਾਂ ਮੁਸਲਮਾਨ ਹਿੰਦੂਤਵੀ ਭੀੜਾਂ ਦਾ ਨਿਸ਼ਾਨਾ ਬਣੇ। ਇਸ ਦੇ ਬਾਵਜੂਦ ਮੁਸਲਮਾਨਾਂ ਨੇ ਇਸ ਜ਼ੁਲਮ ਨੂੰ ਚੁੱਪਚਾਪ ਸਹਿੰਦੇ ਰਹਿ ਕੇ ਭਾਜਪਾ ਦੇ ਫਿਰਕੂ ਦੰਗੇ ਕਰਾਉਣ ਦੇ ਮਨਸੂਬੇ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ। ਇਸ ਲਈ ਹੁਣ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਦਾ ਗੁਣਗਾਨ ਕਰਕੇ ਭਾਜਪਾ ਨੇ ਅੱਤ ਦੀ ਖਤਰਨਾਕ ਚਾਲ ਚੱਲੀ ਹੈ। ਭਾਜਪਾ ਆਗੂ ਜਾਣਦੇ ਹਨ ਕਿ ਉਨ੍ਹਾਂ ਦੇ ਸ਼ਿਸ਼ਕਾਰੇ ਹਿੰਦੂਤਵੀ ਗੁੰਡੇ ਜੇਕਰ ਇੱਕ-ਦੋ ਥਾਵਾਂ ’ਤੇ ਵੀ ਮੁਸਲਮਾਨ ਔਰਤਾਂ ਨਾਲ ਬਿਲਕਿਸ ਬਾਨੋ ਵਾਲੀ ਦਰਿੰਦਗੀ ਦੁਹਰਾ ਦਿੰਦੇ ਹਨ ਤਾਂ ਮੁਸਲਮਾਨ ਸ਼ਾਇਦ ਚੁੱਪ ਨਾ ਰਹਿ ਸਕਣ। ਇਸ ਨਾਲ ਦੇਸ਼ ਭਰ ਵਿੱਚ ਫਿਰਕੂ ਦੰਗੇ ਭੜਕ ਸਕਦੇ ਹਨ ਤੇ ਇਹੋ ਭਾਜਪਾਈ ਚਾਹੁੰਦੇ ਹਨ।ਭਾਜਪਾ ਦੀ ਦੰਗੇ ਭੜਕਾਉਣ ਵਾਲੀ ਨੀਤੀ ਦੇ ਸੰਕੇਤ ਭਾਜਪਾ ਆਗੂਆਂ ਦੇ ਬਿਆਨਾਂ ਤੋਂ ਲੱਗਣ ਲੱਗ ਪਏ ਹਨ।ਗੁਜਰਾਤ ਦੇ ਬਲਸਾਡ ਤੋਂ ਭਾਜਪਾ ਵਿਧਾਇਕ ਭਰਤ ਪਟੇਲ ਨੇ ਤਾਂ ਪੁਲਸ ਨੂੰ ਹੀ ਧਮਕੀ ਦੇ ਦਿੱਤੀ ਹੈ ਕਿ ਉਹ ਜਦੋਂ ਚਾਹਵੇ ਦੰਗੇ ਕਰਵਾ ਸਕਦਾ ਹੈ। ਘਟਨਾ ਮੁਤਾਬਕ ਬਲਸਾਡ ਵਿੱਚ ਗਣਪਤੀ ਦੀ ਮੂਰਤੀ ਲੈ ਕੇ ਜਾ ਰਹੀ ਭੀੜ ਕਾਰਨ ਟ੍ਰੈਫਿਕ ਜਾਮ ਹੋ ਗਿਆ ਸੀ। ਪੁਲਸ ਅਧਿਕਾਰੀਆਂ ਦੀ ਅਗਵਾਈ ਵਿੱਚ ਪੁਲਸ ਨੇ ਜਾਮ ਖੁਲ੍ਹਵਾਉਣ ਲਈ ਭੀੜ ਕੋਲੋਂ ਡੀ ਜੇ ਤੇ ਲੈਪਟਾਪ ਜ਼ਬਤ ਕਰ ਲਿਆ। ਇਸ ਗੱਲ ਦਾ ਪਤਾ ਜਦੋਂ ਭਾਜਪਾ ਵਿਧਾਇਕ ਭਰਤ ਪਟੇਲ ਨੂੰ ਲੱਗਾ ਤਾਂ ਉਹ ਮੌਕੇ ਉੱਤੇ ਪਹੁੰਚ ਕੇ ਪੁਲਸ ਨਾਲ ਉਲਝ ਪਿਆ। ਉਸ ਨੇ ਪੁਲਸ ਨੂੰ ਗਾਲ੍ਹਾਂ ਕੱਢਣ ਦੇ ਨਾਲ ਇਹ ਵੀ ਧਮਕੀ ਦੇ ਦਿੱਤੀ ਕਿ ਜੇਕਰ ਮੈਂ ਚਾਹਾਂ ਤਾਂ ਕਿਸੇ ਵੀ ਵੇਲੇ ਦੰਗਾ ਕਰਵਾ ਸਕਦਾ ਹਾਂ।ਇਹ ਸਿਰਫ਼ ਗੁਜਰਾਤ ਹੀ ਨਹੀਂ, ਰਾਜਸਥਾਨ ਦੇ ਭਾਜਪਾ ਆਗੂ ਤੇ ਸਾਬਕਾ ਵਿਧਾਇਕ ਗਿਆਨ ਅਹੂਜਾ ਨੇ ਤਾਂ ਕੈਮਰੇ ਸਾਹਮਣੇ ਭੀੜ ਨੂੰ ਇਹ ਕਿਹਾ ਕਿ ਗਊ ਹੱਤਿਆ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਦੀ ਹੱਤਿਆ ਕਰ ਦਿੱਤੀ ਜਾਵੇ। ਇਸ ਦੇ ਨਾਲ ਹੀ ਉਸ ਨੇ ਇਹ ਵੀ ਕਹਿ ਦਿੱਤਾ ਕਿ ਉਹ ਖੁਦ ਲਾਲਵੰਡੀ ਤੇ ਬਹਰੋਡ ਵਿੱਚ ਪੰਜ ਵਿਅਕਤੀਆਂ ਨੂੰ ਮਾਰ ਚੁੱਕੇ ਹਨ। ਉਸ ਨੇ ਅੱਗੇ ਕਿਹਾ-ਮੈਂ ਆਪਣੇ ਸਾਰੇ ਕਾਰਕੁਨਾਂ ਨੂੰ ਕਿਹਾ ਹੋਇਆ ਹੈ ਕਿ ਮਾਰੋ, ਬਰੀ ਵੀ ਕਰਾ ਦੇਵਾਂਗਾ ਤੇ ਜ਼ਮਾਨਤ ਵੀ ਕਰਾ ਲਵਾਂਗਾ। ਪੰਜ ਹੱਤਿਆਵਾਂ ਕਰਨ ਦੇ ਇਕਬਾਲ ਵਜੋਂ ਅਹੂਜਾ ਨੇ ਲਾਲਵੰਡੀ ਤੇ ਬਹਰੋਡ ਦਾ ਜ਼ਿਕਰ ਕੀਤਾ ਹੈ। ਯਾਦ ਰਹੇ ਕਿ ਬਹਰੋਡ ਵਿੱਚ ਭੀੜ ਨੇ ਪਹਿਲੂ ਖਾਂ ਤੇ ਲਾਲਵੰਡੀ ਪਿੰਡ ਵਿੱਚ ਰਕਬਰ ਖਾਨ ਨੂੰ ਮਾਰ ਦਿੱਤਾ ਸੀ।

ਨਫ਼ਰਤ ਦੀ ਇਸ ਅੱਗ ਨੂੰ ਹੁਣ ਤੱਕ ਬਚੇ ਆਂਧਰਾ ਤੇ ਤੇਲੰਗਾਨਾ ਵਰਗੇ ਰਾਜਾਂ ਵਿੱਚ ਵੀ ਭਾਜਪਾ ਆਗੂ ਫੈਲਾਉਣ ਲਈ ਪੂਰੀ ਵਾਹ ਲਾ ਰਹੇ ਹਨ। ਭਾਜਪਾ ਵਿਧਾਇਕ ਟੀ. ਰਾਜਾ ਨੇ ਇੱਕ ਬਿਆਨ ਵਿੱਚ ਪੈਗੰਬਰ ਮੁਹੰਮਦ ਵਿਰੁੱਧ ਟਿੱਪਣੀ ਕਰਕੇ ਹੈਦਰਾਬਾਦ ਵਿੱਚ ਹੰਗਾਮਾ ਮਚਾ ਦਿੱਤਾ ਹੈ। ਘਟਨਾ ਦਾ ਵੇਰਵਾ ਇਸ ਤਰ੍ਹਾਂ ਹੈ ਕਿ ਕਮੇਡੀਅਨ ਮੁਨੱਵਰ ਫਾਰੂਕੀ ਦਾ ਹੈਦਰਾਬਾਦ ਵਿੱਚ ਪ੍ਰੋਗਰਾਮ ਰੱਖਿਆ ਹੋਇਆ ਸੀ। ਇਸ ਪ੍ਰੋਗਰਾਮ ਬਾਰੇ ਭਾਜਪਾ ਵਿਧਾਇਕ ਨੇ ਕਿਹਾ ਸੀ ਕਿ ਉਹ ਇਸ ਨੂੰ ਨਹੀਂ ਹੋਣ ਦੇਣਗੇ। ਜੇਕਰ ਪੁਲਸ ਨੇ ਇਸ ਪ੍ਰੋਗਰਾਮ ਦੀ ਇਜਾਜ਼ਤ ਦਿੱਤੀ ਤਾਂ ਉਹ ਪੈਗੰਬਰ ਮੁਹੰਮਦ ਵਿਰੁੱਧ ਟਿੱਪਣੀ ਕਰਨਗੇ। ਕਮੇਡੀਅਨ ਦਾ ਪ੍ਰੋਗਰਾਮ ਸ਼ਾਂਤੀਪੂਰਬਕ ਹੋ ਗਿਆ ਤਾਂ ਭਾਜਪਾ ਵਿਧਾਇਕ ਨੇ ਪੈਗੰਬਰ ਮੁਹੰਮਦ ਵਿਰੁੱਧ ਗਲਤ ਗੱਲਾਂ ਕਰਨ ਵਾਲੀ ਆਪਣੀ ਵੀਡੀਓ ਵਾਇਰਲ ਕਰ ਦਿੱਤੀ। ਇਸ ਤੋਂ ਬਾਅਦ ਹੈਦਰਾਬਾਦ ਵਿੱਚ ਥਾਂ-ਥਾਂ ਪ੍ਰਦਰਸ਼ਨ ਸ਼ੁਰੂ ਹੋ ਗਏ। ਲੋਕਾਂ ਦਾ ਰੋਹ ਏਨਾ ਤਿੱਖਾ ਸੀ ਕਿ ਆਖਰ ਪੁਲਸ ਨੂੰ ਭਾਜਪਾ ਵਿਧਾਇਕ ਵਿਰੁੱਧ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰਨਾ ਪਿਆ। ਇਹ ਤਾਂ ਕੁਝ ਚੋਣਵੀਆਂ ਘਟਨਾਵਾਂ ਹਨ, ਆਉਂਦੇ ਦਿਨੀਂ ਇਨ੍ਹਾਂ ਵਿੱਚ ਵਾਧਾ ਵੀ ਹੋ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਲੋਕਤੰਤਰ ਵਿੱਚ ਆਸਥਾ ਰੱਖਣ ਵਾਲੀਆਂ ਸਭ ਸਿਆਸੀ ਧਿਰਾਂ ਇਸ ਸਥਿਤੀ ਦੇ ਮੁਕਾਬਲੇ ਲਈ ਜਨਤਾ ਨੂੰ ਲਾਮਬੰਦ ਕਰਕੇ ਨਫ਼ਰਤ ਫੈਲਾਉਣ ਵਾਲਿਆਂ ਵਿਰੁੱਧ ਮੈਦਾਨ ਵਿੱਚ ਨਿਤਰਣ।-ਚੰਦ ਫਤਿਹਪੁਰੀ


ICBC Certified Driving School
B and H Driving School Inc.
Surrey BC
Driving Training 5, 7




Certified Instructor · Punjabi Speaking
Reasonable Rates · Car Available for Road Test

ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :

604-807-2296

2310



LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca



# SOHI FOR MAYOR

## Sohi Enters Abbotsford Mayoral Race

*August 22, 2022 - Abbotsford, British Columbia*

Manjit Sohi is pleased to announce his intention to run for Mayor of the City of Abbotsford.

***"After much thought and consideration, I have decided to put my name forward to run for Mayor."***

Sohi brings over 25 years of experience working in municipal government from five different municipalities, including his hometown of Abbotsford. Sohi believes his municipal experience will be a significant asset to Abbotsford constituents. Sohi has held various positions, including Chief Building Inspector and Manager of Building Permit and Licenses. Sohi believes his professional experience in several municipalities, including Abbotsford, will be a great resource for council. He is confident that he can help council deliver more for Abbotsford residents.

In addition, Sohi is involved in several local, national, and international organizations, many of which he has played a leadership role. Sohi is the past President of the Building Officials Association of B.C, current President of the Fraser River Community Crematorium Society, current Spokesperson for the Abbotsford United Sports Club, and most recently, appointed as a Special Advisor to the Office of the Auditor General for the City of Vancouver, where he provides expert opinion on the cost of construction and building permit fees.

More importantly, Sohi has deep-rooted connections to the Abbotsford community. He and his wife, Amerit, have raised their three children here. They have called Abbotsford home for the past 33 years. Sohi has also been involved in local sports organizations since 2002, where he continues to coach and mentor youth of all ages.

“Abbotsford residents are demanding real solutions for real problems that we face today and will be encountering in the near future. We are not exempt or immune to global inflation, climate change or the housing crisis. Homelessness is becoming prevalent, and I feel we’re not doing enough. We have a lack of community infrastructure, an unpleasant log jam at city hall, and no real or practical long-term plan for rapid transit. I urge residents and businesses to get in touch with me. I want to listen to your issues and concerns. I hope to bring my two decades of municipal experience to the mayor’s office and work with council as a true independent candidate. I look forward to connecting with residents as I roll out my platform in coming weeks.”

Over the next few weeks, Sohi will discuss more about his platform and vision for Abbotsford - a community where we can all confidently Live, Work, Invest and Play.

Sohi can be reached via text or call at 604-832-1994 or by email at info@teamsohi.com

So Easy

# ਲਰਨਿੰਗ ਲਾਇਸੈਂਸ

**ਕਾਰ, ਟਰੱਕ/ ਮੋਟਰਸਾਈਕਲ**
**ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ**
**ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










**LUCKY'S A to Z DRIVING SCHOOL**

**Lucky 604-614-5365**

**Unit 15 - 8388 128 St., Surrey**

Open 24 Hours 7 Days a Week

# ATLAS ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

**Dr. H. Bhullar** & Associates

**Tel: 604-301-0300**

5696 Fraser St, Vancouver, BC, V5W 2Z4    www.atlasvetsinvancouver.com

(ਸਫਾ ਬੀ24 ਦੀ ਬਾਕੀ)

ਜਹਾਂਗੀਰਪੁਰੀ ਦੇ ਮੁਸਲਮਾਨਾਂ ਵਿੱਚ ਵੀ ਦਿਖ ਰਿਹਾ ਹੈ।

ਜਹਾਂਗੀਰਪੁਰੀ ਵਿੱਚ ਹਨੂੰਮਾਨ ਜਯੰਤੀ ਦੇ ਦਿਨ ਨਿਕਲੀ ਸ਼ੋਭਾ ਯਾਤਰਾ ਵਿੱਚ ਹਿੰਸਾ ਦੇ ਬਾਅਦ ਤੋਂ ਇੱਕ ਘਰ 'ਤੇ ਤਾਲਾ ਲਟਕਿਆ ਹੋਇਆ ਹੈ।ਘਰ ਵਿੱਚ ਰਹਿਣ ਵਾਲੇ ਮੁਸਲਿਮ ਵਿਅਕਤੀ ਦਾ ਪਿਛਲੇ ਦੋ ਤਿੰਨ-ਮਹੀਨੇ ਤੋਂ ਪਤਾ ਨਹੀਂ ਹੈ। ਉਹ ਕਿੱਥੇ ਗਿਆ ਜਾਂ ਕਦੋਂ ਪਰਤੇਗਾ ਇਹ ਵੀ ਕਿਸੇ ਨੂੰ ਪਤਾ ਨਹੀਂ।

ਪਤਾ ਹੈ ਤਾਂ ਸਿਰਫ਼ ਉਸ ਦੀ ਕਹਾਣੀ।ਗੁਆਂਢੀ ਦੱਸਦੇ ਹਨ, "ਇੱਥੇ 'ਉਹ' ਕਿਰਾਏ 'ਤੇ ਰਹਿੰਦਾ ਸੀ। ਚਿਕਨ ਸੂਪ ਦੀ ਰੇਹੜੀ ਲਗਾਉਂਦਾ ਸੀ, ਪਰ ਡਰ ਕੇ ਭੱਜ ਗਿਆ।"ਮੱਧ ਪ੍ਰਦੇਸ਼ ਦੇ ਖਰਗੋਨ ਵਿੱਚ ਰਾਮਨੌਮੀ ਦੇ ਜਲੂਸ ਦੌਰਾਨ ਜੋ ਹਿੰਸਾ ਹੋਈ, ਉਸ ਦੇ ਬਾਅਦ ਕਈ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ ਗਿਆ।ਖਰਗੋਨ ਦੇ ਖ਼ਸਖ਼ਸ ਵਾੜੀ ਦੀ ਜਿਸ ਹਸੀਨਾ ਫ਼ਖ਼ਰੂ ਦੇ ਮਕਾਨ ਨੂੰ ਤੋੜਿਆ ਗਿਆ, ਉਹ ਘਰ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਮਿਲਿਆ ਸੀ।ਡਰ ਅਤੇ ਗੁੱਸੇ ਵਿੱਚ ਉਹ ਕਹਿੰਦੀ ਹੈ, "ਪ੍ਰਸ਼ਾਸਨ ਨੇ ਘਰ ਹੀ ਕਿਉਂ ਤੋੜਿਆ, ਸਾਨੂੰ ਮਾਰ ਹੀ ਦਿੱਤਾ ਹੁੰਦਾ।"ਇਸ 'ਡਰ ਦਾ ਇਜ਼ਹਾਰ' ਨਰਾਤਿਆਂ ਵਿੱਚ ਜਬਰਨ ਮੀਟ ਦੀ ਦੁਕਾਨ ਬੰਦ ਕਰਾਉਣ 'ਤੇ ਵਪਾਰੀਆਂ ਨੇ ਕੀਤਾ।ਇਸੇ ਡਰ ਦਾ ਇਜ਼ਹਾਰ ਗਿਆਨਵਾਪੀ ਮਸਜਿਦ ਵਿੱਚ ਕਥਿਤ ਸ਼ਿਵਲਿੰਗ ਮਿਲਣ 'ਤੇ ਜੁੰਮੇ ਦੀ ਨਮਾਜ਼ ਪੜ੍ਹਨ ਜਾਣ ਵਾਲਿਆਂ ਨੇ ਬਨਾਰਸ ਵਿੱਚ ਵੀ ਕੀਤਾ।ਨੂਪੁਰ ਸ਼ਰਮਾ ਦੇ ਪੈਗੰਬਰ ਮੁਹੰਮਦ 'ਤੇ ਦਿੱਤੇ ਬਿਆਨ ਦੇ ਬਾਅਦ ਜਦੋਂ ਭਾਰਤ ਦੇ ਅਲੱਗ ਅਲੱਗ ਸ਼ਹਿਰਾਂ ਵਿੱਚ ਵਿਵਾਦ ਵਧਿਆ ਅਤੇ ਕਈ ਸ਼ਹਿਰਾਂ ਵਿੱਚ ਜੁੰਮੇ ਦੀ ਨਮਾਜ਼ ਦੇ ਬਾਅਦ 11 ਜੂਨ ਨੂੰ ਹਿੰਸਾ ਹੋਈ।ਉਸ ਦੇ ਬਾਅਦ ਉੱਤਰ ਪ੍ਰਦੇਸ਼ ਦੇ ਕਈ ਸ਼ਹਿਰਾਂ ਵਿੱਚ ਵੀ ਲੋਕਾਂ ਦੇ ਘਰ ਅਗਲੇ ਦਿਨ ਬੁਲਡੋਜ਼ਰ ਨਾਲ ਤੋੜੇ ਗਏ।

ਪ੍ਰਯਾਗਰਾਜ ਦੀ ਹਿੰਸਾ ਵਿੱਚ ਜਿਸ ਜਾਵੇਦ ਨੂੰ ਮਾਸਟਰਮਾਈਂਡ ਦੱਸਿਆ ਗਿਆ, ਉਸ ਦਾ ਘਰ ਵੀ ਬੁਲਡੋਜ਼ਰ ਨਾਲ ਤਬਾਹ ਕਰ ਦਿੱਤਾ ਗਿਆ।ਜਾਵੇਦ ਨਾਮ ਦੇ ਉਸ ਸ਼ਖ਼ਸ ਦੀ ਬੇਟੀ ਅਤੇ ਪਤਨੀ ਨੇ ਵੀ ਇਸੇ 'ਡਰ' ਦਾ ਜ਼ਿਕਰ ਕੀਤਾ ਸੀ। ਇਨ੍ਹਾਂ ਤਮਾਮ ਨਾਮਾਂ 'ਤੇ ਗੌਰ ਕਰੀਏ ਤਾਂ ਕੁਝ ਗੱਲਾਂ ਸਾਂਝੀਆਂ ਹਨ- ਇਹ ਸਭ 'ਡਰੇ' ਹੋਏ ਮੁਸਲਮਾਨ ਲੋਕ ਹਨ।ਡਰ ਦਾ ਇਹ ਮਾਹੌਲ ਜ਼ਿਆਦਾਤਰ ਮਾਮਲਿਆਂ ਵਿੱਚ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਹੈ।ਉਂਝ ਇੱਕ ਸੱਚਾਈ ਇਹ ਵੀ ਹੈ ਕਿ ਰਾਜਸਥਾਨ, ਪੱਛਮੀ ਬੰਗਾਲ, ਝਾਰਖੰਡ, ਵਰਗੇ ਗੈਰ-ਭਾਜਪਾ ਸ਼ਾਸਿਤ ਸੂਬਿਆਂ ਵਿੱਚ ਵੀ ਡਰ ਦਾ ਮਾਹੌਲ ਹੈ।

ਇੱਕ ਹੋਰ ਸੱਚਾਈ ਇਹ ਵੀ ਹੈ ਕਿ ਕੇਵਲ ਮੁਸਲਮਾਨਾਂ ਦੇ ਘਰ 'ਤੇ ਹੀ ਬੁਲਡੋਜ਼ਰ ਨਹੀਂ ਚਲਾਏ ਗਏ। ਕਈ ਹਿੰਦੂਆਂ ਦੇ ਘਰਾਂ ਅਤੇ ਦੁਕਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ।

### ਰਾਸ਼ਟਰਵਾਦ ਦੇ ਸਿਧਾਂਤ ਦਾ ਅਧਾਰ

ਇਨ੍ਹਾਂ ਮਾਮਲਿਆਂ ਵਿੱਚ ਇੱਕ ਪੈਟਰਨ ਇਹ ਵੀ ਹੈ ਕਿ ਸਾਰੇ ਮਾਮਲਿਆਂ ਨੂੰ ਧਰਮ ਨਾਲ ਜੋੜਿਆ ਗਿਆ ਅਤੇ ਪੂਰਾ ਮਾਮਲਾ ਫਿਰਕੂ ਬਣ ਗਿਆ।ਮਾਮਲਾ ਵੱਖ ਵੱਖ ਸੂਬਿਆਂ ਦੀਆਂ ਸਥਾਨਕ ਅਦਾਲਤਾਂ ਤੋਂ ਸਰਵਉੱਚ ਅਦਾਲਤ ਤੱਕ ਪਹੁੰਚਿਆ।ਕੋਰਟ ਦਾ ਫੈਸਲਾ ਪਟੀਸ਼ਨਕਰਤਾਵਾਂ (ਜੋ ਜ਼ਿਆਦਾਤਰ ਮਾਮਲਿਆਂ ਵਿੱਚ ਮੁਸਲਮਾਨ ਸਨ) ਦੇ ਪੱਖ ਵਿੱਚ ਨਹੀਂ ਆਇਆ।ਕਸ਼ਮੀਰ ਅਤੇ ਸਾਵਰਕਰ 'ਤੇ ਚਰਚਿਤ ਕਿਤਾਬਾਂ ਲਿਖਣ ਵਾਲੇ ਅਸ਼ੋਕ ਕੁਮਾਰ ਪਾਂਡੇ ਕਹਿੰਦੇ ਹਨ, "ਹਿੰਦੂ ਰਾਸ਼ਟਰ ਦਾ ਪੂਰਾ ਕਨਸੈਪਟ ਹੀ 'ਮੁਸਲਿਮ ਹੇਟ' 'ਤੇ ਟਿਕਿਆ ਹੈ।" "ਹਮੇਸ਼ਾ ਤੋਂ ਸੰਘ ਨੇ ਆਪਣੇ ਦੋ ਦੁਸ਼ਮਣ ਦੱਸੇ ਹਨ-ਇੱਕ ਮੁਸਲਮਾਨ ਅਤੇ ਦੂਜਾ ਕਮਿਊਨਿਸਟ।" "ਕਮਿਊਨਿਸਟ ਤਾਂ ਇਸ ਹਾਲ ਵਿੱਚ ਨਹੀਂ ਹਨ ਕਿ ਬਹੁਤ ਕੁਝ ਕਰ ਸਕਣ। ਮੁਸਲਮਾਨ ਸਭ ਤੋਂ ਆਸਾਨ ਨਿਸ਼ਾਨਾ ਨਜ਼ਰ ਆਉਂਦੇ ਹਨ। ਆਸਾਨੀ ਨਾਲ ਪਛਾਣ ਵਿੱਚ ਆਉਂਦੇ ਹਨ।"

ਅਸ਼ੋਕ ਕੁਮਾਰ ਪਾਂਡੇ ਕਹਿੰਦੇ ਹਨ, "ਇਸ ਡਰ ਦੀ ਵਜ੍ਹਾ ਨਾਲ ਇੱਕ ਪਾਸੇ ਮੁਸਲਮਾਨ ਭਾਈਚਾਰਾ ਇਕਜੁੱਟ ਹੁੰਦਾ ਹੈ ਅਤੇ ਦੂਜੇ ਪਾਸੇ ਹਿੰਦੂ ਏਕਤਾ ਦੀ ਵੀ ਗੱਲ ਹੁੰਦੀ ਹੈ।" "ਜੋ ਦਰਅਸਲ ਵੋਟ ਬੈਂਕ ਹੈ, ਇਹੀ ਧਰੁਵੀਕਰਨ ਹੈ ਜਿਸ ਦਾ ਚੋਣ ਫਾਇਦਾ ਉਠਾਇਆ ਜਾਂਦਾ ਹੈ।" "ਫਿਰਕੂ ਮਾਮਲਿਆਂ ਵਿੱਚ ਨਿਸ਼ਾਨੇ 'ਤੇ ਮੁਸਲਮਾਨ ਹੀ ਹਨ। ਲੋਕਾਂ ਨੂੰ ਲੋਕਾਂ ਨਾਲ ਲੜਾ ਦਿੱਤਾ ਗਿਆ ਹੈ।" "ਇਹ ਹਿੰਦੂਆਂ ਦੇ ਉਸ ਤਬਕੇ ਨੂੰ ਖੁਸ਼ ਕਰਦਾ ਹੈ, ਜਿਨ੍ਹਾਂ ਦੇ ਅੰਦਰ ਬਦਲੇ ਦੀ ਭਾਵਨਾ ਭਰੀ ਗਈ ਹੈ।" "ਮੁਸਲਮਾਨਾਂ ਪ੍ਰਤੀ ਨਫ਼ਰਤ ਜਾਂ ਬਦਲੇ ਦੀ ਭਾਵਨਾ ਦਾ ਸਿਆਸੀ ਸ਼ੋਸ਼ਣ ਸੰਘ ਦੀ ਸਥਾਪਨਾ ਦੇ ਸਮੇਂ ਜਾਂ ਉਸ ਤੋਂ ਪਹਿਲਾਂ ਤੋਂ ਚੱਲਿਆ ਆ ਰਿਹਾ ਸੀ, ਪਰ ਇਸ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਕਰਨ ਲਈ ਸੱਤਾ ਵਿੱਚ ਹੋਣਾ ਜ਼ਰੂਰੀ ਹੈ।ਸੱਤਾ ਵਿੱਚ ਨਹੀਂ ਰਹੋਗੇ ਤਾਂ ਕਿਵੇਂ ਕਰ ਸਕੋਗੇ? ਬਿਨਾਂ ਸੱਤਾ ਦੀ ਸ਼ਹਿ ਦੇ ਬੁਲਡੋਜ਼ਰ ਕਿਵੇਂ ਚਲਾ ਸਕਦੇ ਹੋ। ਸੱਤਾ ਤਾਂ ਤੁਹਾਨੂੰ ਰੋਕੇਗੀ। ਇਸ ਵਜ੍ਹਾ ਨਾਲ ਉਨ੍ਹਾਂ ਦੀ ਮਨਸ਼ਾ ਹੋ ਸਕਦੀ ਹੈ ਪਹਿਲਾਂ ਤੋਂ, ਪਰ ਉਸ 'ਤੇ ਅਮਲ ਤਾਂ ਉਦੋਂ ਹੀ ਹੋਵੇਗਾ ਜਦੋਂ ਸੱਤਾ ਹੋਵੇਗੀ।ਅਸ਼ੋਕ ਕੁਮਾਰ ਪਾਂਡੇ ਦੇ ਵੋਟ ਬੈਂਕ ਵਾਲੇ ਤਰਕ ਦਾ ਵੀ ਵਿਸ਼ਲੇਸ਼ਣ ਕਰਾਂਗੇ, ਪਰ ਪਹਿਲਾਂ ਇੱਕ ਨਜ਼ਰ ਡਰ ਦੇ ਪ੍ਰਤੀਕਾਂ 'ਤੇ।

### ਹਿੰਦੂ ਹੋਣ ਦਾ ਸਪੱਸ਼ਟ ਜਨਤਕ ਪ੍ਰਗਟਾਵਾ

ਮੁਸਲਮਾਨਾਂ ਦੇ ਡਰ ਦੇ ਇਲਾਵਾ ਇਨ੍ਹਾਂ ਘਟਨਾਵਾਂ ਨੂੰ ਦੇਖਣ ਦਾ ਇੱਕ ਦੂਜਾ ਨਜ਼ਰੀਆ ਵੀ ਹੈ, ਉਹ ਹੈ 'ਹਿੰਦੂ ਹੋਣ ਦਾ ਮਾਣ'।ਅੱਜ ਭਾਰਤ ਦੇ ਹਿੰਦੂਆਂ ਦਾ ਇੱਕ ਤਬਕਾ ਆਪਣੇ ਹਿੰਦੂ ਹੋਣ ਦਾ ਜਨਤਕ ਪ੍ਰਗਟਾਵਾ ਸਪੱਸ਼ਟ ਤੌਰ 'ਤੇ ਕਰ ਰਿਹਾ ਹੈ, ਪਰ ਇਹ ਨਵਾਂ ਨਹੀਂ ਹੈ।

1990 ਦੇ ਦਹਾਕੇ ਦੇ ਸ਼ੁਰੂ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਨਾਅਰਾ ਦਿੱਤਾ ਸੀ - 'ਗਰਵ ਸੇ ਕਹੋ, ਹਮ ਹਿੰਦੂ ਹੈ' (ਮਾਣ ਨਾਲ ਕਹੋ, ਅਸੀਂ ਹਿੰਦੂ ਹਾਂ)।ਚਾਹੇ ਧਰਮ-ਸੰਸਦ ਹੋਵੇ ਜਾਂ ਫਿਰ ਤਮਾਮ ਤਿਓਹਾਰਾਂ 'ਤੇ ਸ਼ੋਭਾ ਯਾਤਰਾਵਾਂ ਕੱਢਣਾ ਜਾਂ ਫਿਰ ਖਾਣ-ਪੀਣ 'ਤੇ ਹੰਗਾਮਾ ਜਾਂ ਹਿਜਾਬ 'ਤੇ ਸਵਾਲ, ਇਤਿਹਾਸ ਨੂੰ ਬਦਲਣਾ ਜਾਂ ਫਿਰ ਮੰਦਿਰ-ਮਸਜਿਦ ਵਿਵਾਦ-ਇਹ ਲਿਸਟ ਲੰਬੀ ਹੈ।ਕੀ ਇਹ ਸਭ 'ਹਿੰਦੂ ਰਾਸ਼ਟਰ' ਦੀ ਪਰਿਕਲਪਨਾ ਦੀ ਵਜ੍ਹਾ ਨਾਲ ਹੋ ਰਿਹਾ ਹੈ?

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਆਲੋਕ ਕੁਮਾਰ ਬੀਬੀਸੀ ਨਾਲ ਗੱਲਬਾਤ ਵਿੱਚ ਕਹਿੰਦੇ ਹਨ, "ਹਿੰਦੂ ਰਾਸ਼ਟਰ ਦੀ ਸਾਡੀ ਧਾਰਨਾ ਸੱਭਿਆਚਾਰਕ ਹੈ, ਨਾ ਕਿ ਕਿਸੇ ਰਾਜ ਦੀ ਹੈ।" "ਵੀਐੱਚਪੀ ਇਹ ਨਹੀਂ ਚਾਹੁੰਦੀ ਕਿ ਭਾਰਤ, ਹਿੰਦੂ ਧਰਮ ਦਾ ਰਾਜ ਹੋ ਜਾਵੇ ਜਾਂ ਫਿਰ ਭਾਰਤ ਵਿੱਚ ਮੁਸਲਮਾਨ ਜਾਂ ਈਸਾਈ ਦੇ ਨਾਗਰਿਕ ਅਧਿਕਾਰ ਘੱਟ ਹੋ ਜਾਣ।" "ਭਾਰਤ ਦੀ ਪਰੰਪਰਾ, ਭਾਰਤ ਦਾ ਚਿੰਤਨ, ਭਾਰਤ ਦਾ ਇਤਿਹਾਸ-ਇਨ੍ਹਾਂ ਸਭ ਤੋਂ ਜੋ ਵਿਸ਼ੇਸ਼ਤਾ ਪੈਦਾ ਹੋਈ ਹੈ, ਉਹ ਹਿੰਦੂ ਹੈ।" "ਇਹ ਸਰਵ ਸਾਂਝੀਹੋਂਦ ਹੈ, ਇਹ ਕਿਸੇ ਨੂੰ ਛੱਡਦਾ ਨਹੀਂ ਹੈ, ਅਲੱਗ ਨਹੀਂ ਕਰਦਾ ਹੈ। ਇਸ ਸੰਦਰਭ ਵਿੱਚ ਭਾਰਤ 'ਹਿੰਦੂ ਰਾਸ਼ਟਰ' ਹੈ, ਸੀ ਅਤੇ ਰਹੇਗਾ।

"ਆਲੋਕ ਕੁਮਾਰ ਦੇ ਇਸ ਬਿਆਨ ਨੂੰ ਉਡੂਪੀ ਵਿੱਚ ਹਿਜਾਬ ਪਹਿਨਣ ਵਾਲੀ ਮੁਸਕਾਨ, ਖਰਗੋਨ ਦੀ ਹਸੀਨਾ ਫ਼ਖ਼ਰੂ, ਜਹਾਂਗੀਰਪੁਰੀ ਦੀ ਸਾਹਿਬਾ ਜਾਂ ਪ੍ਰਯਾਗਰਾਜ ਦੇ ਜਾਵੇਦ ਦੀ ਬੇਟੀ ਦੇ ਡਰ ਵਾਲੇ ਬਿਆਨ ਨਾਲ ਜੋੜ ਕੇ ਦੇਖੀਏ ਤਾਂ ਸਵਾਲ ਉੱਠਦਾ ਹੈ ਕਿ ਇਸ 'ਸਾਂਝੀਹੋਂਦ' ਹਿੰਦੂ ਰਾਸ਼ਟਰ ਦੇ ਕਨਸੈਪਟ ਵਿੱਚ ਉਨ੍ਹਾਂ ਦੀ ਜਗ੍ਹਾ ਕਿੱਥੇ ਹੈ?ਬੁਲਡੋਜ਼ਰ ਦੀ ਵਰਤੋਂ, ਮੰਦਿਰ-ਮਸਜਿਦ ਵਿਵਾਦ, ਹਿਸਾਬ 'ਤੇ ਸਵਾਲ, ਨਰਾਤਿਆਂ ਵਿੱਚ ਮੀਟ ਖਾਣੇ 'ਤੇ ਰੋਕ, ਸ਼ੋਭਾ ਯਾਤਰਾਵਾਂ ਵਿੱਚ ਹਿੰਸਾ, ਲਿਸਟ ਇੱਥੇ ਖਤਮ ਨਹੀਂ ਹੁੰਦੀ।ਇਹ ਮੁਸਲਮਾਨਾਂ ਵਿੱਚ ਖ਼ੌਫ ਪੈਦਾ ਕਰਨ ਦੀ ਮਿਸਾਲ ਬਣ ਗਏ ਹਨ।


ਪਿਛਲੇ ਇੱਕ ਸਾਲ ਦੀਆਂ ਖ਼ਬਰਾਂ ਦੀ ਟਾਈਮਲਾਈਨ ਇਨ੍ਹਾਂ ਘਟਨਾਵਾਂ ਨਾਲ ਭਰੀ ਰਹੀ ਹੈ। ਪਿਛਲੇ ਤਕਰੀਬਨ ਇੱਕ ਸਾਲ ਤੋਂ ਹਰ ਮਹੀਨੇ ਭਾਰਤ ਦੇ ਇੱਕ ਨਾ ਇੱਕ ਸ਼ਹਿਰ ਵਿੱਚ ਅਜਿਹੀਆਂ ਖ਼ਬਰਾਂ ਰਹੀਆਂ ਹਨ, ਇਨ੍ਹਾਂ ਸਾਰੀਆਂ ਘਟਨਾਵਾਂ ਦਾ ਨਤੀਜਾ ਇੱਕ ਹੀ ਹੈ, ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵਖਰੇਵੇਂ ਦਾ ਵਧਣਾ।

ਮੰਨਿਆ ਜਾਂਦਾ ਹੈ ਕਿ 'ਹਿੰਦੂ ਰਾਸ਼ਟਰ' ਅਤੇ 'ਹਿੰਦੂ ਮਾਣ' ਨਾਲ ਜੋੜ ਕੇ ਦੇਸ਼ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਨੂੰ ਸਰਕਾਰ ਅਤੇ ਸੰਘ ਦੋਵਾਂ ਦੀ ਸ਼ਹਿ ਹਾਸਲ ਹੈ।ਆਲੋਕ ਕੁਮਾਰ ਬੀਬੀਸੀ ਨਾਲ ਗੱਲਬਾਤ ਵਿੱਚ ਕਹਿੰਦੇ ਹਨ, "ਭਾਰਤ ਦੀ ਮੌਜੂਦਾ ਸਰਕਾਰ ਦੇ ਮਨ ਵਿੱਚ ਹਿੰਦੂਤਵ ਪ੍ਰਤੀ ਪ੍ਰੇਮ ਹੈ।"ਉੱਥੇ ਹੀ ਹਿੰਦੂਤਵ ਜਿਸ ਨੂੰ ਓਵੈਸੀ ਅਤੇ ਰਾਹੁਲ ਗਾਂਧੀ ਵਰਗੇ ਨੇਤਾ 'ਮੁਸਲਮਾਨਾਂ 'ਤੇ ਵਧ ਰਹੇ ਅੱਤਿਆਚਾਰ' ਦੇ ਪਿੱਛੇ ਦਾ ਮੂਲ ਕਾਰਨ ਦੱਸਦੇ ਹਨ।ਇਸ ਲਈ ਸਵਾਲ ਉੱਠਦਾ ਹੈ ਕਿ ਵੀਐੱਚਪੀ ਅਤੇ ਆਰਐੱਸਐੱਸ ਦੇ 'ਹਿੰਦੂ ਰਾਸ਼ਟਰ' ਦੀ ਧਾਰਨਾ ਵਿੱਚ ਮੁਸਲਮਾਨ ਦੀ ਜਗ੍ਹਾ ਕੀ ਹੈ?

ਇਸ 'ਤੇ ਆਲੋਕ ਕੁਮਾਰ ਕਹਿੰਦੇ ਹਨ, "ਮੁਸਲਮਾਨ ਅਤੇ ਈਸਾਈ ਜਿੱਥੇ-ਜਿੱਥੇ ਗਏ ਹਨ, ਉਹ ਉੱਥੇ-ਉੱਥੇ ਦੀ ਜ਼ਮੀਨ ਦੇ ਸੁਭਾਅ ਦੇ ਹਿਸਾਬ ਨਾਲ ਕੁਝ-ਨਾ-ਕੁਝ ਪਰਿਵਰਤਨ ਅਤੇ ਸੁਧਾਰ ਕਰਦੇ ਹਨ।

ਜਿਵੇਂ ਹਰ ਜਗ੍ਹਾ ਦੀ ਈਸਾਈਅਤ ਇੱਕੋ ਜਿਹੀ ਨਹੀਂ ਹੁੰਦੀ, ਇਸ ਲਈ ਅਸੀਂ ਮੰਨਦੇ ਹਾਂ ਕਿ ਭਾਰਤ ਵਿੱਚ ਵੀ ਦੋਵੇਂ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਅਜਿਹਾ ਕਰਨਾ ਹੋਵੇਗਾ।"ਉਹ ਕਹਿੰਦੇ ਹਨ, "ਸਭ ਵਿਚਾਰਾਂ ਦੀ ਸਵੀਕਾਰਤਾ ਅਤੇ ਕਿਸੇ 'ਤੇ ਕੋਈ ਵਿਚਾਰ ਥੋਪਣਾ ਨਹੀਂ, ਇਸ 'ਸੋਧ' ਦੇ ਨਾਲ ਮੁਸਲਮਾਨਾਂ ਅਤੇ ਈਸਾਈਆਂ ਦਾ ਭਾਰਤ ਵਿੱਚ ਨਾਗਰਿਕ ਦੇ ਤੌਰ 'ਤੇ ਬਰਾਬਰੀ ਦਾ ਹੱਕ ਹੈ।

ਅਜਿਹਾ ਭਾਰਤ ਦੇ ਸੰਵਿਧਾਨ ਵਿੱਚ ਵੀ ਹੈ, ਸਾਡੇ ਮਨ ਵਿੱਚ ਵੀ ਹੈ ਅਤੇ ਸਾਡੀ ਸਹਿਮਤੀ ਨਾਲ ਹੈ।ਇਨ੍ਹਾਂ 'ਸੋਧਾਂ' ਨੂੰ ਹਾਸਲ ਕਰਨ ਦਾ ਤਰੀਕਾ ਕੀ ਧਰਮ-ਸੰਸਦ ਅਤੇ ਭੜਕਾਊ ਭਾਸ਼ਣ ਹੈ?ਕੀ 'ਸੋਧ' ਮੁਸਲਮਾਨਾਂ ਦੇ ਘਰ 'ਬੁਲਡੋਜ਼ਰ' ਚਲਾ ਕੇ ਕੀਤੀ ਜਾ ਸਕਦੀ ਹੈ?

TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

ਦੇਗ ਤੇਗ ਫ਼ਤਿਹ PHONE (604) 254-2117, FAX: (604) 254-5309 ਪੰਥ ਕੀ ਜੀਤ

25 ਅਗਸਤ, ਦਿਨ ਵੀਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
26 ਅਗਸਤ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਅਗਸਤ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਅਗਸਤ, ਦਿਨ ਸ਼ਨਿੱਚਰਵਾਰ...ਬਾਅਦ ਦੁਪਹਿਰ 1:30 ਵਜੇ ਸਵ. ਭਾਈ ਰਾਮ ਸਿੰਘ ਧਾਲੀਵਾਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
27 ਅਗਸਤ, ਦਿਨ ਸ਼ਨਿੱਚਰਵਾਰ...ਨੰਬਰ 1 ਦਰਬਾਰ ਹਾਲ ਵਿਚ ਭਾਈ ਬਲਵੰਤ ਸਿੰਘ ਪ੍ਰਮਾਰ ਅਤੇ ਪਰਿਵਾਰ ਵਲੋਂ ਸ਼ਾਮ ਦੇ ਲੰਗਰ ਦੀ ਸੇਵਾ ਹੋਵੇਗੀ।
28 ਅਗਸਤ, ਦਿਨ ਐਤਵਾਰ.......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਹਰਬੰਸ ਸਿੰਘ ਦੱਟ ਅਤੇ ਪਰਿਵਾਰ ਵਲੋਂ ਹੋਵੇਗੀ।
28 ਅਗਸਤ, ਦਿਨ ਐਤਵਾਰ.......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਜਸਕੀਰਤ ਸਿੰਘ ਲਿੱਧੜ ਅਤੇ ਪਰਿਵਾਰ ਵਲੋਂ ਤੇ ਨੰਬਰ 2 ਦਰਬਾਰ ਹਾਲ ਵਿਚ ਭਾਈ ਗੁਰਿੰਦਰ ਸਿੰਘ ਦਿਓ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।
1 ਸਤੰਬਰ, ਦਿਨ ਵੀਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
2 ਸਤੰਬਰ, ਦਿਨ ਸ਼ੁੱਕਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਸਤੰਬਰ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਸਤੰਬਰ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਨਦੀਪ ਸਿੰਘ ਮਾਨ ਅਤੇ ਪਰਿਵਾਰ ਵਲੋਂ ਹੋਵੇਗੀ।
4 ਸਤੰਬਰ, ਦਿਨ ਐਤਵਾਰ.........ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਸਵੇਰੇ 9:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
4 ਸਤੰਬਰ, ਦਿਨ ਐਤਵਾਰ.........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਗਰੀਬ ਦੀ ਅਜ਼ਾਦੀ

ਆਜ਼ਾਦੀ ਆਈ ਸੀ ਦਿਨ ਕਿਹੜੇ,
ਚਾਨਣ ਹੋਇਆ ਨਾ ਸਾਡੇ ਵਿਹੜੇ।
ਆਜ਼ਾਦੀ ਕਿਹੜੇ ਨਾਮ ਦੀ ਚਿੜੀ,
ਚਰਚੇ ਸੁਣਦੇ ਰਹੇ ਇਸ ਦੇ ਬਥੇਰੇ।
ਕਹਿੰਦੇ ਨੇ ਇਹ ਸੰਤਾਲੀ ’ਚ ਆਈ,
ਪਤਾ ਨਹੀਂ ਕਿਉਂ ਸਾਥੋਂ ਨਜ਼ਰ ਫੇਰੇ।
ਸਾਨੂੰ ਵੀ ਕਦੇ ਝਲਕ ਦਿਖਾ ਜਾਂਦੀ,
ਕੀਲ ਕੇ ਬਿਠਾ ਲਈ ਕਿਹੜੇ ਸਪੇਰੇ।
ਸੁਣਿਆ ਵੱਡੇ ਮਹਿਲਾਂ ’ਚ ਰਹਿੰਦੀ,
ਸਾਡੇ ਗ਼ਰੀਬਾਂ ਦੇ ਨਾ ਆਉਂਦੀ ਨੇੜੇ।
ਅੱਜਕਲ ਕਿਸੇ ਦੀ ਮਿੱਤ ਨਾ ਬਣਦੀ,
ਉੱਚੇ ਘਰਾਂ ਵਿਚ ਹੀ ਲਾਉਂਦੀ ਡੇਰੇ।

**–ਨਵਦੀਪ ਸਿੰਘ ਭਾਟੀਆ**

## ਮੈਂ ਹਾਂ ਤਰੀਮਤ

ਮੈਂ ਹਾਂ ਤਰੀਮਤ ਮੇਰੀ ਕੀਮਤ,

ਕੋਈ ਐਵੇਂ ਕਿਵੇਂ ਪਾ ਸਕਦਾ ਹੈ,
ਮੇਰਾ ਨਗ਼ਮਾ ਮੇਰੇ ਸਾਜ਼ 'ਤੇ,
ਕੋਈ ਐਵੇਂ ਕਿਵੇਂ ਗਾ ਸਕਦਾ ਹੈ?
ਮੇਰੀ ਤਰਜ਼ ਹੈ ਤਰਜ਼ੇ ਜ਼ਿੰਦਗੀ,
ਅੱਖਰ ਮੇਰੇ ਬੰਦ ਵੀ ਮੇਰੇ,
ਕੋਈ ਕਿਵੇਂ ਬੰਦਿਸ਼ ਵਿੱਚ ਬੰਨ੍ਹ ਕੇ,
ਮਰਜ਼ੀ ਦੀਆਂ ਹੇਕਾਂ ਲਾ ਸਕਦਾ ਹੈ?
ਮੈਨੂੰ ਹੱਕ ਹੈ ਪਿਆਰ ਕਰਨ ਦਾ,
ਮਮਤਾ ਦੇ ਗੀਗੜੇ ਗਾਵਣ ਦਾ,
ਕੋਈ ਆਪਣੀ ਧੌਂਸ 'ਤੇ ਮੈਥੋਂ,
ਕੀਰਨੇ ਕਿਵੇਂ ਪਵਾ ਸਕਦਾ ਹੈ?
ਖੋਖਲੇ ਰਿਸ਼ਤੇ, ਫੋਕੇ ਵਾਅਦੇ,
ਮੇਰੀ ਨਜ਼ਰ ਵਿੱਚ ਕੌਡੀਉਂ ਖੋਟੇ,
ਕੋਈ ਇਨ੍ਹਾਂ ਦਾ ਜਾਲ ਵਿਛਾ ਕੇ,
ਮੈਨੂੰ ਕਿਵੇਂ ਫਸਾ ਸਕਦਾ ਹੈ?
ਕੋਠੀਆਂ, ਕੋਠਿਆਂ ਦੇ ਅਹਾਤੇ,
ਵਸਦੇ ਰਸਦੇ ਮੇਰੇ ਸਦਕੇ,
ਪਰ ਕੋਈ ਮੇਰੀ ਮਰਜ਼ੀ ਬਾਝੋਂ,
ਠੁਮਕਾ ਕਿਵੇਂ ਲਵਾ ਸਕਦਾ ਹੈ?
ਸਮਾਜੀ ਰਸਮੀ ਰਿਵਾਜੀ ਤੰਦਾਂ,
ਹੱਥਕੜੀਆਂ, ਜ਼ੰਜੀਰਾਂ, ਲੜੀਆਂ,
ਮੇਰੀ ਉਮਰ ਦੇ ਗਹਿਣੇ ਕਹਿ ਕੇ,
ਮੈਨੂੰ ਕਿਵੇਂ ਪਵਾ ਸਕਦਾ ਹੈ?
ਰੁੱਖ ਦੀ ਛਾਇਆ, ਰੁੱਖ ਦੀ ਕਾਇਆ, ਜੜ੍ਹ ਹੈ
ਸਾਰੀ ਮੇਰੀ ਕੁੱਖ ਦੀ,
ਕੋਈ ਇੱਕ ਦੂਜੇ ਤੋਂ ਵੱਖ ਕਰਕੇ,
ਮੈਨੂੰ ਕਿਵੇਂ ਦਿਖਾ ਸਕਦਾ ਹੈ?
ਮੇਰੀਆਂ ਸੋਚਾਂ ਛੋਹਣ ਆਕਾਸ਼ੀਂ,
ਮੇਰੇ ਜਾਏ ਪਤਾਲ ਦੇ ਵਾਸੀ,
ਕਾਇਨਾਤ ਨੂੰ ਮੈਥੋਂ ਖੋਹ ਕੇ,
ਕੋਈ ਕਿੱਥੇ ਲਿਜਾ ਸਕਦਾ ਹੈ?

**ਰਵਿੰਦਰ ਸਿੰਘ ਕੁੰਦਰਾ**


## .ਗ਼ਜ਼ਲ

ਛੰਨ ਦੇ ਬਾਹਰ ਬਣਨ ਪਕੌੜੇ ਨਹਿਰ ਕਿਨਾਰਾ ਚੇਤੇ ਆ।
ਲਾਲ ਅੰਗੂਰੀ ਗੱਪਾਂ ਛੱਪਾਂ ਵਿੱਚ ਨਜ਼ਾਰਾ ਚੇਤੇ ਆ।
ਪਿੰਡ ਦੀਆਂ ਕੱਚੀਆਂ ਸੜਕਾਂ ਉੱਤੇ ਮਸਤੀ ਦੇ ਨਾਲ ਜਾਣਾ,
ਇੱਕ ਪੁਰਾਣੇਂ ਸਾਈਕਲ ਦਾ ਉਹ ਨਾਲ ਸਹਾਰਾ ਚੇਤੇ ਆ।
ਚੁੱਲ੍ਹੇ ਦੀ ਅੱਗ ਉੱਤੇ ਫੁਲਕਾ ਦਾਦੀ ਮਾਂ ਜਦ ਸੇਕ ਦਵੇ,
ਮੱਖਣ ਟੋਟਾ ਸਾਗ ਸਰੋਂ ਦਾ ਨਾਲ ਗੁਜ਼ਾਰਾ ਚੇਤੇ ਆ।
ਉਸ ਨੂੰ ਤਕ ਕੇ ਅਜ ਵੀ ਮੇਰਾ ਬਚਪਨ ਚੇਤੇ ਆਉਂਦਾ ਹੈ,
ਨੁੱਕਰ ਦੇ ਵਿਚ ਸ਼ਾਮ ਢਲੇ ਨੂੰ ਚੜ੍ਹਦਾ ਤਾਰਾ ਚੇਤੇ ਆ।
ਪਹਿਲੀ ਵਾਰੀ ਮਿਲਿਆ ਸੀ ਉਹ ਚੌਰਾਹੇ ਦੀ ਨੁੱਕਰ ਤੇ,
ਬੁੱਲ੍ਹਾਂ ਚੋਂ ਮੁਸਕਾਅ ਕੇ ਉਸ ਨੇ ਲਾਇਆ ਲਾਰਾ ਚੇਤੇ ਆ।
ਬਾਪੂ ਦੇ ਨਾਲ ਪੱਠੇ ਪਾਉਣੇ ਨਾਲ ਰੇਡੀਓ ਸੁਣਨਾ,
ਡੰਗਰਾਂ ਵਾਲਾ, ਤੂੜੀ ਵਾਲਾ, ਕੱਚਾ ਢਾਰਾ ਚੇਤੇ ਆ।
ਹਰੀਆਂ ਮਿਰਚਾਂ ਨਾਲ ਅਚਾਰ ਲਸੂੜਾ,ਢੇਉ, ਗਾਜਰ ਦਾ,
ਭੂਕਾਂ ਵਾਲਾ ਪਿਆਜ਼ ਸਵਾਦੀ ਦਾਰੂ,ਖਾਰਾ ਚੇਤੇ ਆ।
ਕਿਥੋਂ ਲਭਣੀ ਜੁੰਡਲੀ ਐਸੀ ਰੱਬ ਤੋਂ ਵੱਧ ਪਿਆਰੀ,
ਭੋਲਾ,ਤੇਜਾ,ਮੇਦਨ, ਆਸਿਮ,ਪੰਕਜ ਪਿਆਰਾ ਚੇਤੇ ਆ।
ਜ਼ੁਲਫ਼ਾਂ ਦੇ ਵਿਚ ਨਥੱਣੀ  ਵਾਲਾ ਸੁੰਦਰ ਮੁਖੜਾ ਨਜ਼ਰ ਪਵੇ,
ਅੱਧੀ ਰਾਤੀਂ ਜਗਮਗ ਜਗਦਾ ਇੱਕ ਚੁਬਾਰਾ ਚੇਤੇ ਆ।
ਢਿੱਡੀਂ ਪੀੜਾਂ ਪਾ ਦਿੰਦਾ ਸੀ ਐਸੀ ਯੁਕਤ ਬਣਾਉਂਦਾ ਸੀ,
ਚਾਚੇ ਵਾਲੀ ਹਾਸ ਠਿਠੋਲੀ ਵਿੱਚ ਫੁਵਾਰਾ ਚੇਤੇ ਆ।
ਤੇਰਾ ਮੇਰਾ ਸਾਰਾ ਅੰਬਰ ਗਹਿਰਾਈ ਵਿੱਚ ਲੀਨ ਰਿਹਾ,
ਅੱਧੀ ਰਾਤੀਂ ਝੀਲ ਚ ਤਰਦਾ ਤਾਰਾ ਤਾਰਾ ਚੇਤੇ ਆ।
ਬੀਤੇ ਵਕ਼ਤਾਂ ਵਾਲਾ ਉਹ ਯੁੱਗ ਸੋਨ ਸੁਨਹਿਰੀ ਰੰਗਾਂ ਦਾ,
ਗ਼ਜ਼ਲਾਂ ਦੇ ਵਿਚ ਅਜ ਵੀ ਮੈਨੂੰ ,ਬਾਲਮ ਯਾਰਾਂ ਚੇਤੇ ਆ।

**–ਬਲਵਿੰਦਰ ਬਾਲਮ**

## ਉੱਡਣ ਪਰੀ

ਮਾਣ–ਮੱਤੀ ਹਿਮਾ ਦਾਸ ਦੇ ਨਾਮ
ਉੱਡਣ ਪਰੀ ਇਕ ਉਡਦੀ ਜਾਵੇ।
ਧਰਤੀ ਉੱਤੇ, ਪੱਬ ਨਾ ਲਾਵੇ।
ਹਿਮਾਂ ਦਾਸ ਹੈ ਨਾਮ ਉਸ ਦਾ–
ਜਿਤ ਉਸ ਨੇ ਲਈ ਕਲ਼ਾਵੇ।
ਹਿਮਾਂ ਦਾਸ ਇਤਹਾਸ ਬਣਾਇਆ।
ਤਮਗ਼ਾ ਸੋਨ ਝੋਲੀ ਵਿਚ ਪਾਇਆ।
ਵੀਹ ਕੁੜੀਆਂ ਤੋਂ ਅੱਗੇ ਜਾ ਕੇ–
ਭਾਰਤ ਦਾ ਪ੍ਰਚਮ ਲਹਿਰਾਇਆ।
ਉਹ ਕੁੜੀ ਹਰ ਦਿਲ ਨੂੰ ਭਾਵੇ।
ਚੈਕ–ਗ਼ਣਰਾਜ ਧੁੰਮ ਉਸ ਪਾਈ।
ਚਾਰ ਸੌ ਮੀਟਰ ਦੌੜ ਲਗਾਈ।
ਸਕਿੰਟ ਬਵੱਜਾ ਤੋਂ ਕੁਝ ਅੱਗੇ–
ਜਿਤ ਉਹ ਨੇ ਝੋਲੀ ਵਿਚ ਪਾਈ।
ਕੌਮੀ ਗੀਤ ਫਿਰ ਉਹ ਗਾਵੇ।
ਹਿਮਾਂ ਆਂਧਰਾ ਦੇਸ ਦੀ ਜਾਈ।
ਗ਼ੁਰਬਤ ਬਚਪਨ ਵਿਚ ਹੰਢਾਈ।
ਛੇ ਬੱਚਿਆਂ ਦੇ ਵਿਚੋਂ ਛੋਟੀ–
ਤੰਗੀ–ਤੁਰਸ਼ੀ ਕਰੇ ਪੜ੍ਹਾਈ॥
ਬਾਬਲ ਖੇਤੀਂ ਹਲ ਚਲਾਵੇ।
ਪੀ.ਟੀ.ਊਸ਼ਾ ਦੀ ਹਮਸਾਈ॥
ਮਿਲਖ਼ਾ ਸਿੰਘ ਦੀ ਉਹ ਪ੍ਰਛਾਈ।
ਕੋਹਿ–ਨੂਰ ਜਿਹਾ ਹੀਰਾ ਲੜਕੀ–
ਕਿਸੇ ਸੁਲੱਖ਼ਣੀਂ ਮਾਂ ਨੇ ਜਾਈ।
ਅਰਸ਼ੋਂ ਤਾਰੇ ਤੋੜ ਲੈ ਆਵੇ।
ਬੁਰਕੀ ਹੱਡੀ ਖਾ ਕੇ ਕੁੱਤੇ।
ਕਈ ਖ਼ਬਰੀਏ ਪਏ ਨੇ ਸੁੱਤੇ।
ਹੀਰਾ ਇਨ੍ਹਾ ਨੂੰ ਕੋਲਾ ਦਿਸਦਾ–
ਪਤਾ ਨਹੀ ਜੰਮੇ ਕਿਹੜੀ ਰੁੱਤੇ।
ਰੱਬ ਇਨ੍ਹਾਂ ਨੂੰ ਸੁਰਤ ਲਿਆਵੇ।
ਮੈਂ ਉਸ ਕੁੜੀ ਦੇ ਸਦਕੇ ਜਾਵਾਂ।
ਜਿੱਤ ਦਾ ਜਿਸ ਲਭਿਆ ਸਿਰਨਵਾਂ।
ਖੇਡ–ਖਿਡਾਰਨ ਬੀਬਾ ਬੱਚੀਆਂ–
ਸਦਾ ਹੀ ਜਮੰਣ ਸਾਡੀਆਂ ਮਾਵਾਂ।
'ਸਰਾਂ' ਤਾਂ ਸਦ ਇਹੋ ਹੀ ਚਾਹਵੇ।
ਉਡਣ ਪਰੀ ਇਕ ਉਡਦੀ ਜਾਵੇ।
ਧਰਤੀ ਉਤੇ ਪੱਬ ਨਾ ਲਾਵੇ।
ਉਡਦੀ ਜਾਵੇ ਉਡਦੀ ਜਾਵੇ......



**ਬਲਵੰਤ ਸਰਾ ਮੱਦੋਕੇ:604-217-0177**




**ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ**

**ਪੰਜਾਬ ਸਵੀਟ ਹਾਊਸ**

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave., Surrey, BC
**604-591-7611**

#8A-31205 Old Yale Rd., Abbotsford, BC
**604-504-1761**



**ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ**



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ–ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

**ਵਕੀਲ ਅਤੇ ਨੋਟਰੀ ਪਬਲਿਕ**

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com




# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ

**4 ਸਤੰਬਰ ਦਿਨ ਐਤਵਾਰ ਨੂੰ**
**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ**

**ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ ਅਤੇ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਵੱਖ ਵੱਖ ਜੱਥੇ ਕਥਾ, ਕੀਰਤਨ ਅਤੇ ਢਾਢੀ ਵਾਰਾਂ ਨਾਲ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ ਵੱਧ ਵੱਧ ਤੋਂ ਹਾਜ਼ਰੀਆਂ ਭਰਕੇ ਲਾਹਾ ਪ੍ਰਾਪਤ ਕਰੋ ਜੀ**

ਨੋਟ: 3 ਸਤੰਬਰ, ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਗੁਰਦਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਣਗੇ ਜੀ ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘਾਂ ਪਾਸ ਦਰਜ ਕਰਵਾਉਣ ਜੀ

## ਨਗਰ ਕੀਰਤਨ ਸਬੰਧੀ ਵਿਸ਼ੇਸ਼ ਬੇਨਤੀਆਂ

- ਵਲੰਟੀਅਰ ਸੇਵਾ ਲਈ ਆਪਣੇ ਨਾਮ ਗੁਰਦੁਆਰਾ ਸਾਹਿਬ ਦਰਜ ਕਰਵਾਉ ਜੀ
- ਸਿਰ ਢੱਕਣ ਵਾਲੇ ਰੁਮਾਲਾਂ ਦੀ ਸੇਵਾ
- ਲੰਗਰ ਵਿੱਚ ਸੁਕੀਆਂ ਰਸਦਾਂ ਦੀ ਸੇਵਾ
- ਡਿਸਪੋਸੇਬਲ ਪਲੇਟਾਂ, ਗਲਾਸ, ਚਮਚੇ ਦੀ ਸੇਵਾ
- ਲੋਕਲ ਸੰਗਤਾਂ ਨੂੰ ਬੇਨਤੀ ਹੈ ਜੀ ਨਗਰ ਕੀਰਤਨ ਵਾਲੇ ਦਿਨ ਆਪਣੀਆਂ ਗੱਡੀਆਂ ਘਰ ਵਿੱਚ ਪਾਰਕ ਕਰੋ ਜੀ ਤਾਂ ਜੋ ਬਾਹਰੋਂ ਆਉਣ ਵਾਲੀ ਸੰਗਤ ਨੂੰ ਗੱਡੀ ਪਾਰਕ ਕਰਨ ਦੀ ਸਹੂਲਤ ਹੋਵੇ।

## ਇਸ ਸਾਲ ਨਗਰ ਕੀਰਤਨ ਦਾ ਇਹ ਰੂਟ ਹੋਵੇਗਾ ਜੀ

### NOTICE OF ROAD CLOSURES

FOR NAGAR KIRTAN PROCESSION
SUNDAY, September 4, 2022 9:00AM - 5:00PM

Please use alternate routes to and from the Procession Area during this time. Please refer to map for exact route.

**Blueridge Drive**
**Townline Road**
**Southern Drive**
**Sandpiper Drive**
**Goldfinch Drive**

Cars parked in designated no-parking zones, on sidewalks, cul-de-sacs, boulevards, in front of or within 1.5m of a driveway, within 5m of a fire hydrant, or in contravention of the City's Street and Traffic Bylaw (Bylaw No.1536-2006), may be ticketed and/or towed at the owner's expense.

Please be advised that during the event, bus service in the area will be disrupted. A map of scheduled bus re-routing is available through the Central Fraser Valley Transit website at **www.bctransit.com/central-fraser-valley**

Road closures are in effect from 9:00am-5:00pm, however are expected to be about 2 hours for specific locations.

Please follow signs, obey traffic control in the area and respect private property along the procession route.

**Thank you for your patience and cooperation.**

ਨਗਰ ਕੀਰਤਨ ਪ੍ਰੋਸੈਸ਼ਨ ਰੂਟ PROCESSION ROUTE




| ਹੋਰ ਜਾਣਕਾਰੀ ਲਈ ਸੰਪਰਕ ਨੰਬਰ: | ਗੁਰਦੁਆਰਾ ਸਾਹਿਬ | ਬਲਬੀਰ ਸਿੰਘ ਬਨਵੈਤ(ਪ੍ਰਧਾਨ) | ਮਨਜੀਤ ਸਿੰਘ ਗਰੇਵਾਲ (ਸਕੱਤਰ) | ਜਸਪਾਲ ਸਿੰਘ ਗਿੱਲ (ਰਿਕਾਰਡਿੰਗ ਸਕੱਤਰ) |
|---|---|---|---|---|
| | 604 504 5530 | 778 636 4247 | 778 908 1570 | 604 856 1131 |


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

Dev Bros.

Custom Tailoring

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜ਼ਾਈਨਾਂ ਵਿਚ ਖਰੀਦ ਸਕਦੇ ਹੋ

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ ਨਵਾਂ ਸਟੋਰ ਹੁਣ ਐਬਟਸਫੋਰਡ 'ਚ

Phone:604-880-8434

Shifted to New Location
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ
#117, 1779 Clearbook Road, Abbotsford



PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca
Web:www.peacefurniture.ca